ਗੁਰਮਤ ਸੰਗੀਤ ਸਾਗਰ

ਭਾਗ ਦੂਜਾ



ਕਰਤਾ :
ਪ੍ਰਿੰਸੀਪਲ ਦਿਆਲ ਸਿੰਘ

ਪ੍ਰਕਾਸ਼ਕ :-
ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ
ਨਵੀਂ ਦਿੱਲੀ

ੴ ਸਤਿਗੁਰ ਪ੍ਰਸਾਦਿ ॥

ਗੁਰਮਤਿ ਸੰਗੀਤ ਸਾਗਰ

(ਭਾਗ ਦੂਜਾ)

ਕਰਤਾ :

ਪ੍ਰਿੰਸੀਪਲ ਦਿਆਲ ਸਿੰਘ

ਪ੍ਰਕਾਸ਼ਕ :

ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ

ਨਵੀਂ ਦਿੱਲੀ

ਤੀਜੀ ਵਾਰ ਦਸੰਬਰ ੨੦੦੩

ਭੇਟਾ : ੧੭੦/- ਰੁਪਏ

ਮਿਲਣ ਦਾ ਪਤਾ :

੧. ਗੁਰਮਤਿ ਵਿਦਿਆਲਾ
ਗੁ: ਰਕਾਬ ਗੰਜ, ਨਵੀਂ ਦਿੱਲੀ ।

੨. ਭਾਈ ਚਤਰ ਸਿੰਘ ਜੀਵਨ ਸਿੰਘ
ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ ।

੩. ਸਿੰਘ ਬ੍ਰਦਰਜ਼
ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ ।

੪. Jas Musical Limited
108-A, The Broadway
South Hall, Middlesex,
UBI 1QF, U.K.

ਛਾਪਕ : ਗਿਆਨ ਆਫਸੈਟ ਪ੍ਰੈਸ, ਦਿੱਲੀ

ਭੂਮਿਕਾ

ਗੁਰਮਤਿ ਸੰਗੀਤ ਸਾਗਰ ਦਾ ਦੂਜਾ ਭਾਗ ਅਕਤੂਬਰ ੧੯੮੬ ਵਿਚ ਲਿਖਣਾ ਸ਼ੁਰੂ ਕੀਤਾ ਸੀ। ਉਸ ਸਮੇਂ ਖਿਆਲ ਸੀ ਕਿ ਸਾਲ ਡੂੜ-ਸਾਲ ਵਿਚ ਪੂਰਾ ਹੋ ਜਾਵੇਗਾ। ਪਰ ਜਦੋਂ ਮੈਂ ਵੇਖਿਆ ਕਿ ਹੁਣ ਤੋਂ ਚਾਲ੍ਹੀ ਸਾਲ ਪਹਿਲਾਂ ਜਿਹੜੀਆਂ ਪੁਰਾਤਨ ਸ਼ਬਦ-ਰੀਤਾਂ ਤੇ ਪੜਤਾਲਾਂ, ਪੂਜ ਉਸਤਾਦ ਗਿਆਨੀ ਹਰਦਿੱਤ ਸਿੰਘ ਜੀ ਤੋਂ ਸਿੱਖੀਆਂ ਸਨ ਉਨ੍ਹਾਂ ਵਿਚੋਂ ਕੁਝ ਸ਼ਬਦ-ਰੀਤਾਂ (ਬੰਦਿਸ਼ਾਂ) ਐਸੀਆਂ ਵੀ ਹਨ ਜੋ ਆਧੁਨਿਕ ਠਾਟ ਪੱਧਤੀ ਨਾਲ ਮੇਲ ਨਹੀਂ ਖਾਂਦੀਆਂ, ਤਾਂ ਮੈਂ ਉਨ੍ਹਾਂ ਰਾਗਾਂ ਦੀ ਵੀ ਖੋਜ ਕੀਤੀ ਜਿਨ੍ਹਾਂ ਦੇ ਠਾਟ, ਜਾਤੀ, ਵਾਦ-ਸੰਵਾਦ ਅਤੇ ਨਾਮ ਆਦਿ ਵਿਚ ਕਾਫੀ ਪਰਿਵਰਤਨ ਹੋ ਗਿਆ ਹੈ। ਸੋ, ਪਹਿਲਾਂ ਰਾਗਾਂ ਸੰਬੰਧੀ ਛਾਨ-ਬੀਨ ਕਰਕੇ ਉਨ੍ਹਾਂ ਦੇ ਲੇਖ ਲਿਖੇ, ਉਸ ਤੋਂ ਬਾਦ ਪਰਚਲਿਤ ਠਾਟ ਪੱਧਤੀ ਦੇ ਨਿਯਮ ਅਨੁਸਾਰ ਹੀ ਪੁਰਾਤਨ ਤੇ ਨਵੀਨ ਸ਼ਬਦ-ਰੀਤਾਂ ਨੂੰ ਤਾਲ-ਬੱਧ ਸੁਰ-ਲਿਪੀ (ਨੁਟੇਸ਼ਨ) ਵਿਚ ਲਿਖਿਆ ਹੈ। ਇੰਜ ਗੁਰਮਤਿ ਸੰਗੀਤ ਸਾਗਰ ਦੇ ਦੂਜੇ ਭਾਗ ਨੂੰ ਤਿਆਰ ਕਰਕੇ ਛਪਵਾਉਣ ਵਿਚ ਚਾਰ ਸਾਲ ਦਾ ਸਮਾਂ ਲਗ ਗਿਆ।

ਪੁਸਤਕ ਦੇ ਆਰੰਭ ਵਿਚ "ਤੀਨ ਗ੍ਰਾਮ ਇਕੀਸ ਮੂਰਛਨਾ" ਸੰਬੰਧੀ ਜਾਣਕਾਰੀ ਦਿੱਤੀ ਹੈ। ਭਾਵ, ਪ੍ਰਾਚੀਨ ਕਾਲ ਵਿਚ ਖੜਜ ਤੇ ਮੱਧਮ ਗ੍ਰਾਮ ਦੀਆਂ ਮੂਰਛਨਾ ਰਾਹੀਂ ਰਾਗ ਕਿਵੇਂ ਉਤਪੰਨ ਹੁੰਦੇ ਸਨ ਉਸ ਦਾ ਖੁਲਾਸਾ, ਫਿਰ ਰਾਗ ਲੱਛਣ, ਠਾਟ ਪੱਧਤੀ ਦਾ ਵਿਕਾਸ, ਦੱਖਣ ਤੇ ਉੱਤਰੀ ਸੰਗੀਤ ਪੱਧਤੀ ਦੇ ੧੨ ਸੁਰਾਂ ਤੋਂ ੭੨ ਜਾਂ ੩੨ ਠਾਟਾਂ ਦੀ ਉਤਪਤੀ ਆਦਿ ਦਾ ਵੇਰਵਾ ਦਿੱਤਾ ਗਿਆ ਹੈ। ਉਸ ਤੋਂ ਬਾਦ ਹਰ ਇਕ ਰਾਗ ਤੇ ਖੋਜ-ਭਰਿਆ ਲੇਖ, ਸੁਰ-ਵਿਸਥਾਰ, ਤਾਨਾਂ ਅਤੇ ਵਖੋ-ਵਖ ਤਾਲਾਂ ਵਿਚ ੨੩੪ ਮਨੋਹਰ ਸ਼ਬਦ-ਰੀਤਾਂ ਦੇ ਨਾਲ ੧੪ ਪੁਰਾਤਨ ਤੇ ਨਵੀਨ 'ਪੜਤਾਲਾਂ' ਵੀ ਹਨ। ਇਸ ਤੋਂ ਇਲਾਵਾ ਰਾਗਾਂ ਦੇ ਗੁਲਦੱਸਤਿਆਂ ਵਿਚ ਦੋ ਸ਼ਬਦ ਕਾਨੜਾ ਰਾਗ ਦੇ ਅਤੇ ਇਕ ਸ਼ਬਦ ਬਸੰਤ ਰਾਗ ਦਾ ਦਰਜ ਹੈ। ਇੰਜ ੨੧ ਰਾਗਾਂ ਵਿਚ ੨੫੦ ਸ਼ਬਦ-ਰੀਤਾਂ ਦਾ ਇਹ ਸੰਗ੍ਰਹਿ ਸੁਰ-ਲਿਪੀ 'ਚ ਤਾਲ-ਬੱਧ ਕਰਕੇ ਸੰਗੀਤ ਪ੍ਰੇਮੀਆਂ ਦੇ ਕਰ-ਕਮਲਾਂ ਤਕ ਪੁਚਾਉਣ ਦਾ ਯਤਨ ਕੀਤਾ ਹੈ।

ਆਸ ਹੈ ਇਹ ਪੁਸਤਕ ਜਿਥੇ ਸ਼ਬਦ ਕੀਰਤਨ ਸਿੱਖਣ ਵਾਲੇ ਗੁਰਸਿੱਖ ਪ੍ਰੇਮੀਆਂ ਦੀ ਅਗਵਾਈ ਕਰੇਗੀ, ਉਥੇ ਇਸ ਤੋਂ ਉਹ ਵਿਦਿਆਰਥੀ ਭੀ ਪੂਰਾ ਲਾਭ ਉਠਾਉਣਗੇ ਜਿਹੜੇ ਸਕੂਲਾਂ-ਕਾਲਜਾਂ ਵਿਚ ਪਾਠ-ਕਰਮ ਅਨੁਸਾਰ ਸੰਗੀਤ ਸਿਖਿਆ ਪ੍ਰਾਪਤ ਕਰ ਰਹੇ ਹਨ।

ਦਾਸ—
ਦਿਆਲ ਸਿੰਘ

ਗੁਰਮਤਿ ਵਿਦਿਆਲਾ
ਗੁ: ਸ੍ਰੀ ਰਕਾਬ ਗੰਜ
ਨਵੀਂ ਦਿੱਲੀ-੧੧੦੦੦੧.
ਅਪ੍ਰੈਲ ੧੯੯੧

ਕਰਤਾ ਬਾਰੇ

ਜਿਲਾ ਮੇਰਠ ਦਾ ਇਕ ਪ੍ਰਸਿੱਧ ਪਿੰਡ ਹੈ ਬਢਲਾ ਸਿੰਘਾਂ। ਹੁਣ ਤੋਂ ਦੋ ਸੌ ਸਾਲ ਪਹਿਲਾਂ ਪਟਿਆਲਾ ਪਤੀ ਮਹਾਰਾਜਾ ਸਾਹਿਬ ਸਿੰਘ ਜੀ ਨੇ ਪ੍ਰੀਛਤਗੜ੍ਹ ਦੇ ਰਾਜਾ ਨੈਣ ਸਿੰਘ 'ਗੁੱਜਰ' ਦੀ ਮਦਦ ਲਈ ਆਪਣੀ ਫੌਜ ਭੇਜੀ ਸੀ, ਕਿਉਂਕਿ ਮਹਾਰਾਜਾ ਸਾਹਿਬ ਦਾ ਹੁਕਮ ਮੰਨ ਕੇ ਉਸ ਨੇ ਅੰਮ੍ਰਿਤ ਛਕ ਲਿਆ ਤੇ ਸਿੰਘ ਸਜ ਗਿਆ ਸੀ। ਫੌਜ ਦੀ ਵਾਪਸੀ ਸਮੇਂ ਰਾਜਾ ਨੈਣ ਸਿੰਘ ਨੇ ਸ: ਅਜੀਤ ਸਿੰਘ ਤੇ ਸ: ਦੀਦਾਰ ਸਿੰਘ ਦੋਹਾਂ ਜਰਨੈਲ ਸਰਦਾਰਾਂ ਨੂੰ ਅੱਠ ਹਜ਼ਾਰ ਵਿਘੇ ਦੀ ਜਗੀਰ ਦੇ ਕੇ ਆਪਣੇ ਪਾਸ ਰੱਖ ਲਿਆ। ਇਨ੍ਹਾਂ ਨੇ ਇਥੇ ਆਪਣੇ ਰਹਿਣ ਲਈ ਬਢਲਾ ਸਿੰਘਾਂ ਨਾਮ ਦੇ ਪਿੰਡ ਨੂੰ ਵਸਾਇਆ।

ਭਾਈ ਦਿਆਲ ਸਿੰਘ ਜੀ ਉਨ੍ਹਾਂ ਸਰਦਾਰਾਂ ਦੇ ਖਾਨਦਾਨ ਵਿਚੋਂ ਹੀ ਹਨ, ਆਪ ਸਕੂਲ ਦੀ ਪੜ੍ਹਾਈ ਵਿਚੇ ਛੱਡ ਕੇ ਸੰਨ ੧੯੪੬ ਵਿਚ ਗੁਰਮਤਿ ਵਿਦਿਆਲੇ ਆਏ ਅਤੇ ਪੰਜ ਸਾਲ ਤਕ ਤਬਲਾ, ਕੀਰਤਨ, ਪਾਠ, ਸੂਰਜ ਪ੍ਰਕਾਸ਼ ਦੀ ਕਥਾ ਤੋਂ ਇਲਾਵਾ ਦੋ ਸਾਲ ਦਿਲਰੁਬਾ ਤੇ ਸਰੰਦਾ (ਤੰਤੀ ਸਾਜ਼ਾਂ) ਦੀ ਉਚੇਰੀ ਸਿਖਿਆ ਗ੍ਰਹਿਣ ਕੀਤੀ। ਸੰਗੀਤਕ ਸਿਖਿਆ ਤੋਂ ਬਾਦ ੧੯੫੨ ਵਿਚ ਬਾਬਾ ਮੋਹਨ ਜੀ (ਮੋਹਨ ਸਿੰਘ) ਅਲੀਬੇਗ ਵਾਲਿਆਂ ਨਾਲ ਥੋੜਾ ਚਿਰ ਕਾਨਪੁਰ ਰਹਿ ਕੇ ਆਪ ਪੰਥ ਪ੍ਰਸਿੱਧ ਭਾਈ ਸਮੁੰਦ ਸਿੰਘ ਜੀ ਦੇ ਰਾਗੀ ਜਥੇ ਨਾਲ ਦਿਲਰੁਬਾ ਬਜਾਉਣ ਲੁਧਿਆਣੇ ਚਲੇ ਗਏ। ਉਥੇ ਆਪ ਨੂੰ ਭਾਈ ਸੰਤਾ ਸਿੰਘ ਜੀ 'ਕੰਵਲ' ਨੇ ਦੱਸ ਪਾਈ ਕਿ ਸ: ਗਿਆਨ ਸਿੰਘ ਜੀ ਐਬਟਾਬਾਦ ਵਾਲੇ ਇਕ ਐਸੇ ਬੰਦੇ ਦੀ ਭਾਲ ਵਿਚ ਹਨ ਜਿਹੜਾ ਤੰਤੀਸਾਜ਼ ਬਜਾਉਣ ਤੋਂ ਇਲਾਵਾ ਪੁਰਾਤਨ ਸ਼ਬਦ-ਰੀਤਾਂ ਨੂੰ ਤਾਲ-ਬੱਧ ਸੁਰ-ਲਿਪੀ ਵਿਚ ਲਿਖਣ ਦੀ ਯੋਗਤਾ ਵੀ ਰੱਖਦਾ ਹੋਵੇ। ਸੋ, ਆਪ ਜੀ ਚਾਰ ਸਾਲ ਤਕ ਸ: ਗਿਆਨ ਸਿੰਘ ਜੀ ਪਾਸ ਰਹਿ ਕੇ 'ਗੁਰਬਾਣੀ ਸੰਗੀਤ' ਲਿਖਣ ਦਾ ਕੰਮ ਕਰਦੇ ਰਹੇ।

ਸੰਨ ੧੯੫੯ ਤੋਂ ੧੯੬੪ ਤਕ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਸਵੇਰੇ ਆਸਾ ਦੀ ਵਾਰ ਤੇ ਸ਼ਾਮੀਂ ਸੋਦਰ ਦੀ ਚੌਂਕੀ ਨਾਲ ਦਿਲਰੁਬਾ ਬਜਾਉਣ ਦੀ ਸੇਵਾ ਕੀਤੀ। ਪੈਂਹਠ ਵਿਚ ਆਪ ਮੁੜ ਸ: ਗਿਆਨ ਸਿੰਘ ਜੀ ਪਾਸ ਦਿੱਲੀ ਆ ਕੇ "ਗੁਰਬਾਣੀ ਸੰਗੀਤ" ਪੁਸਤਕ ਵਿਚ ਲਿਖੇ ਰਾਗਾਂ ਦੀ ਥਿਊਰੀ ਤੇ ਸੁਰ-ਵਿਸਥਾਰ (ਆਲਾਪ) ਲਿਖ ਰਹੇ ਸਨ, ਜਦੋਂ ਆਪ ਜੀ ਦੇ ਵਿਦਿਆ ਦਾਤਾ ਸਤਿਕਾਰ ਯੋਗ ਗਿਆਨੀ ਹਰਦਿੱਤ ਸਿਘ ਜੀ ਨੂੰ ਰੱਬ ਵਲੋਂ ਸਦੀਵ ਸੱਦਾ ਆ ਗਿਆ। ੬ ਫਰਵਰੀ ੧੯੬੭ ਵਿਚ ਗਿਆਨੀ ਹਰਦਿੱਤ ਸਿੰਘ ਜੀ ਦੀ ਅੰਤਿਮ ਅਰਦਾਸ ਤੇ ਆਏ ਗੁਣੀ-ਗਿਆਨੀ, ਰਾਗੀ, ਪ੍ਰਚਾਰਕਾਂ ਦੀ ਸਰਬ-ਸੰਮਤੀ ਨਾਲ ਗੁਰੂ ਨਾਨਕ ਵਿਦਿਆ ਭੰਡਾਰ ਟਰਸਟ ਦੇ ਪ੍ਰਬੰਧਕਾਂ ਵਲੋਂ ਗੁਰਮਤਿ ਵਿਦਿਆਲੇ ਦੀ ਇਹ ਮਹਾਨ ਸੇਵਾ ਆਪ ਜੀ ਨੂੰ ਹੀ ਸੌਂਪੀ ਗਈ।

ਆਪ ਜੀ ਬਤੌਰ ਪ੍ਰਿੰਸੀਪਲ ਚੌਬੀ ਸਾਲ ਤੋਂ ਗੁਰਮਤਿ ਵਿਦਿਆਲਾ ਗੁ: ਰਕਾਬ ਗੰਜ, ਨਵੀਂ ਦਿੱਲੀ ਵਿਖੇ ਬੱਚਿਆਂ ਨੂੰ ਗੁਰਮਤਿ ਅਤੇ ਸ਼ਾਸਤ੍ਰੀਯ ਸੰਗੀਤ (ਕੀਰਤਨ) ਦੀ ਸਿੱਖਿਆ ਦੇ ਨਾਲ-ਨਾਲ ਆਧੁਨਿਕ ਠਾਟ ਪੱਧਤੀ ਅਨੁਸਾਰ ਪੁਸਤਕਾਂ ਵੀ ਲਿਖ ਰਹੇ ਹਨ। ਮੇਰੀ ਅਰਦਾਸ ਹੈ ਕਿ ਸਤਿਗੁਰੂ ਇਨ੍ਹਾਂ ਨੂੰ ਸਿਹਤ ਤੇ ਚੜ੍ਹਦੀ ਕਲਾ ਬਖਸ਼ਿਸ਼ ਕਰਨ, ਤਾਂ ਜੋ ਵੱਧ ਤੋਂ ਵੱਧ ਸਿੱਖ ਪੰਥ ਦੀ ਸੇਵਾ ਕਰਦੇ ਰਹਿਣ।

ਗੁਰਦਿੱਤ ਸਿੰਘ 'ਜਾਲੀ'
ਮੈਂਬਰ ਇੰਚਾਰਜ, ਗੁਰਮਤਿ ਵਿਦਿਆਲਾ
ਗੁ: ਰਕਾਬ ਗੰਜ, ਨਵੀਂ ਦਿੱਲੀ।

ਫਰਵਰੀ ੧੯੯੧


ਸੂਚੀ-ਪੱਤ੍ਰ

ਧੰਨਵਾਦ !

ਨਿਯੂਯਾਰਕ ਤੇ ਕੈਲੀਫੋਰਨੀਆਂ (ਅਮਰੀਕਾ) ਤਾਂ ਮੈਂ ਕਾਫੀ ਸਮੇਂ ਤੋਂ ਜਾ-ਆ ਰਿਹਾ ਹਾਂ, ਪਰ ਐਤਕਾਂ ਟੈਕਸਾਸ ਸਟੇਟ ਦੇ ਆਸਟਨ ਤੇ ਹੌਸਟਨ ਸ਼ਹਿਰ ਵੇਖਣ ਦਾ ਮੌਕਾ ਮਿਲਿਆ। ਆਸਟਨ ਵਿਖੇ ਮੇਰੇ ਅਤੀ ਸਨੇਹੀ ਸ। ਬਲਦੇਵ ਸਿੰਘ ਜੀ ਰਹਿੰਦੇ ਹਨ, ਆਪ ਜੀ ਜਿੱਥੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਵਿਚ ਰੁਚੀ ਰੱਖਦੇ ਹਨ, ਉਥੇ ਆਪਣੇ ਸੰਗੀ-ਸਾਥੀਆਂ ਨਾਲ ਮਿਲ ਕੇ ਇਸ ਗੱਲ ਦਾ ਪ੍ਰਯਤਨ ਕਰ ਰਹੇ ਹਨ ਕਿ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਤੇ ਗਾਉਣ ਦੀ ਮਰਯਾਦਾ ਨੂੰ ਕਾਇਮ ਕੀਤਾ ਜਾਵੇ। ਇਸੇ ਆਸ਼ੇ ਨੂੰ ਮੁਖ ਰੱਖ ਕੇ ਆਪ ਜੀ ਨੇ ਦਾਸ ਨੂੰ ਸੱਦਿਆ ਸੀ, ਤਾਂ ਜੋ "ਗੁਰਮਤਿ ਸੰਗੀਤ ਸਾਗਰ ਤੇ ਗੁਰਮਤਿ ਸੰਗੀਤ ਸਿਖਿਆ" ਪੁਸਤਕਾਂ ਵਿਚੋਂ ਉਨ੍ਹਾਂ ਸ਼ਬਦ ਰੀਤਾਂ ਨੂੰ ਟੇਪ ਕਰ ਲਿਆ ਜਾਵੇ ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਬੱਚੇ ਕੀਰਤਨ ਸਿੱਖ ਸਕਣ।

ਆਸਟਨ ਵਿਖੇ ਜੋੜੀ ਬਜਾਉਣ ਵਾਲੇ ਦਾ ਯੋਗ ਪ੍ਰਬੰਧ ਨਾ ਹੋਣ ਕਾਰਣ ਅਸੀਂ ਸ: ਰਣਜੀਤ ਸਿੰਘ ਜੀ 'ਹੀਰਾ' ਪਾਸ ਹੌਸਟਨ ਚਲੇ ਗਏ। ਕਿਉਂਕਿ ਆਪ ਜੀ ਅਕਸਰ ਰਾਗੀ ਸਿੰਘਾਂ ਦੇ ਕੀਰਤਨ ਟੇਪ ਕਰਦੇ ਰਹਿੰਦੇ ਹਨ ਇੰਜ ਉਨ੍ਹਾਂ ਦੇ ਸਹਿਯੋਗ ਨਾਲ ੯੦ ਮਿੰਟ ਦੀਆਂ ੬ ਕੈਸਟਾਂ ਤਿਆਰ ਕੀਤੀਆਂ, ਜਿਨ੍ਹਾਂ ਵਿਚ ੩੦ ਰ ਗ ਅਤੇ ੧੧੭ ਸ਼ਬਦ ਰੀਤਾਂ ਟੇਪ ਹਨ। ਆਸ ਹੈ ਇਨ੍ਹਾਂ ਕੈਸਟਾਂ ਤੋਂ ਕੀਰਤਨ ਸਿੱਖਣ ਵਾਲੇ ਵਿਦਿਆਰਥੀ ਲਾਭ ਪ੍ਰਾਪਤ ਕਰਨਗੇ।

ਗੁਰਮਤਿ ਸੰਗੀਤ ਸਾਗਰ ਦੇ ਇਸ ਭਾਗ ਨੂੰ ਦੂਜੀ ਵੇਰ ਪ੍ਰਕਾਸ਼ਤ ਕਰਾਉਣ ਵਿਚ ਜਿੱਥੇ ਸ: ਬਲਦੇਵ ਸਿੰਘ ਜੀ ਤੇ ਸ: ਰਣਜੀਤ ਸਿੰਘ ਜੀ 'ਹੀਰਾ' ਨੇ ਆਪਣਾ ਪੂਰਾ ਸਹਿਯੋਗ ਦਿਤਾ ਹੈ, ਉਥੇ ਵੈਨਕੁਵਰ (ਕੈਨੇਡਾ) ਗੁ: ਅਕਾਲੀ ਸਿੱਖ-ਸਿੰਘ ਸਭਾ ਸੁਸਾਇਟੀ ਦੇ ਮੈਂਬਰ ਸ: ਬਚਨ ਸਿੰਘ ਜੀ 'ਸੱਲ' ਜਿਹੜੇ ਆਏ-ਗਏ ਰਾਗੀ ਸਿੰਘਾਂ ਤੇ ਪ੍ਰਚਾਰਕਾਂ ਦੀ ਹਮੇਸ਼ਾ ਸੇਵਾ ਕਰਦੇ ਰਹਿੰਦੇ ਹਨ, ਤਹਿ ਦਿਲੋਂ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਇਸ ਪੁਸਤਕ ਲਈ ਮਾਇਆ ਭੇਜੀ ਹੈ। ਸੋ, ਦਾਸ ਇਨ੍ਹਾਂ ਸਾਰਿਆਂ ਦਾ ਹੀ ਸ਼ੁਕਰ-ਗੁਜ਼ਾਰ ਹੈ ਅਤੇ ਆਸ ਕਰਦਾ ਹੈ ਕਿ ਇਸੇ ਤਰ੍ਹਾਂ ਆਪਣਾ ਸਹਿਯੋਗ ਦਿੰਦੇ ਰਹਿਣਗੇ।



ਗਿਆਨੀ ਦਿਆਲ ਸਿੰਘ, ਪ੍ਰਿੰਸੀਪਲ,
ਗੁਰਮਤਿ ਵਿਦਿਆਲਾ, ਗੁ: ਸ੍ਰੀ ਰਕਾਬ ਗੰਜ, ਨਵੀਂ ਦਿੱਲੀ

ਤਾਲ ਠੇਕੇ

ਮੱਤ-ਤਾਲ (ਮਾਤਰੇ ੯)

ਤਾਲੀ	×	੨	੩
ਠੇਕਾ	ਧੀਂ ਤ੍ਰਿਕੜ	ਧੀ ਧਾ ਤਿ	ਟ ਧਾਗੇ ਨਧਾ ਤ੍ਰਿਕੜ

ਝਪਤਾਲ (ਮਾਤਰੇ ੧੦)

ਤਾਲੀ	×	੨	੦	੩
ਠੇਕਾ	ਧੀਂ ਤ੍ਰਿਕੜ	ਧੀਂ ਧੀਂ ਨਗ	ਤੀਂ ਨਗ	ਧੀਂ ਧੀਂ ਨਗ

ਭਾਨਮਤੀ-ਤਾਲ (ਸਵਾਰੀ–ਚਾਰਤਾਲ ਮਾਤਰੇ ੧੧)

ਤਾਲੀ	×	੨	੩	੪
ਠੇਕਾ	ਧੀਂ ਧੀਂ ਧਾਗੇ ਤ੍ਰਿਕੜ	ਤਿੰ ਨਾ	ਕੱਤ ਤੀ	ਧਾਗੇ ਨਧਾ ਤ੍ਰਿਕੜ

ਚਾਰ-ਤਾਲ (ਮਾਤਰੇ ੧੨)

ਤਾਲੀ	×	੦	੨	੦	੩	੪
ਠੇਕਾ	ਧਾ ਧਾ	ਧਿੰ ਤਾ	ਕੱਤ ਤਾ	ਧਿੰ ਤਾ	ਤਿਟ ਕਤਾ	ਗਿਦੀ ਗਨ

ਆੜਾ ਚੌਤਾਲਾ (ਮਾਤਰੇ ੧੪)

ਤਾਲੀ	×	੨	੦	੩	੦	੪	੦
ਠੇਕਾ	ਧਾ ऽਕੜ	ਧੀਂ ਧੀਂ	ਧਾ ਧਾ	ਤਿ ਟ	ਧੀਂ ਧੀਂ	ਧਾ ਧਾਗੇ	ਨੱਧਾ ਤ੍ਰਿਕੜ

ਫਰੋਦੱਸਤ (ਮਾਤਰੇ ੧੪)

ਤਾਲੀ	×	੦	੨	੩	੪	੫
ਠੇਕਾ	ਧੀਂ ਧੀਂ	ਧਾਗੇ ਤ੍ਰਿਕੜ	ਤੂੰ ਨਾ	ਕੱਤ ਤੀਂ	ਧਾਤ੍ਰਿ ਕੜਧਿੰ ਨਗ	ਧਾਤ੍ਰਿ ਕੜਧਿੰ ਨਗ

ਝੂਮਰਾ-ਤਾਲ (ਮਾਤਰੇ ੧੪)

ਤਾਲੀ	×	੨	੦	੩
ਠੇਕਾ	ਧੀਂ ऽਧਾ ਤ੍ਰਿਕੜ	ਧੀਂ ਧੀਂ ਧਾਗੇ ਤ੍ਰਿਕੜ	ਤੀਂ ऽਤਾ ਤ੍ਰਿਕੜ	ਧੀਂ ਧੀਂ ਧਾਗੇ ਤ੍ਰਿਕੜ

ਧਮਾਰ-ਤਾਲ (ਮਾਤਰੇ ੧੪)

ਤਾਲੀ	×	੨	੦	੩
ਠੇਕਾ	ਕੇ ਧਿ ਟ ਧਿ ਟ	ਧਾ ऽ	ਗੇ ਤਿ ਟ	ਤਿ ਟ ਤਾ ऽ

ਸਵਾਰੀ ਪੰਜ-ਤਾਲ (ਮਾਤਰੇ ੧੫)

ਤਾਲੀ	×	੨	੩	੪	੫
ਠੇਕਾ	ਧੀਂ ऽਤਾ ऽਕ	ਧੀਂ ਧੀਂ ਧਾ ਧਾ	ਤਿ ਟ ਧੀਂ ਧੀਂ	ਧਾ ਧਾਗੇ	ਨਧਾ ਤ੍ਰਿਕੜ

ਪੰਜਾਬੀ ਠੇਕਾ (ਬਿਲੰਬਿਤ ਲਯ, ਮਾਤਰੇ ੧੬)

ਤਾਲੀ	×	੨	੦	੩
ਠੇਕਾ	ਧਾ Sਧੀਂ Sਗ ਧਾ	ਧਾ Sਧੀਂ Sਗ ਤਾ	ਤਾ Sਤੀਂ Sਗ ਧਾ	ਧਾ Sਧੀਂ Sਗ ਧਾ

ਬ੍ਰਹਮ-ਤਾਲ (ਮਾਤਰੇ ੨੮)

ਤਾਲੀ	×	੦	੨	੩	੦	੪	੫
ਠੇਕਾ	ਧਾ ਧੀ	ਧੀਂ ਧਾ	ਤ੍ਰਕ ਧੀਂ	ਧੀਂ ਧਾ	ਤ੍ਰਕ ਧੀਂ	ਧੀਂ ਧਾ	ਤੀਂ ਤੀਂ
	੬	੦	੭	੮	੯	੧੦	੦
	ਨਾ ਤੀਂ	ਤੀਂ ਨਾ	ਤ੍ਰ ਨਾ	ਕੱਤ ਤਾ	ਧਾਗੇ ਨੱਧਾ	ਤ੍ਰਕ ਧੀਂ	ਗਿਦੀ ਗਨ

ਨੋਟ—ਤਬਲੇ ਦੇ ਸਾਧਾਰਣ ਠੇਕੇ 'ਗੁਰਮਤਿ ਸੰਗੀਤ ਸਾਗਰ' ਦੇ ਪਹਿਲ ਭਾਗ ਵਿਚ ਦਿਤੇ ਹਨ।

ਸ੍ਵਰ-ਲਿੱਪੀ ਚਿੰਨ੍ਹ

ਤਿੰਨ ਸਪਤਕ	ਮੰਦ੍ਰ-ਸਪਤਕ	ਮੱਧ-ਸਪਤਕ	ਤਾਰ-ਸਪਤਕ
ਸ਼ੁਧ-ਸ੍ਵਰ	ਸ਼ ਰ਼ ਗ਼ ਮ਼ ਪ਼ ਧ਼ ਨ਼	ਸ ਰ ਗ ਮ ਪ ਧ ਨ	ਸਂ ਰਂ ਗਂ ਮਂ ਪਂ ਧਂ ਨਂ
ਕੋਮਲ-ਸ੍ਵਰ / ਤੀਵਰ ਮੱਧਮ	ਰ਼ ਗ਼ ਮ਼' ਧ਼ ਨ਼	ਰ ਗ ਮ' ਧ ਨ	ਰਂ ਗਂ ਮਂ' ਧਂ ਨਂ

ਪ — — — ਰੇ S S S	ਪਾ ਦੇ ਅੱਗੇ ਤਿੰਨ ਡੈਸ਼ ਹਨ, ਇੰਜ ਪਾ ਦੇ ਚਾਰ ਮਾਤਰੇ ਹੋਏ, ਇਸ ਤਰ੍ਹਾਂ ਜਿੰਨੇ ਡੈਸ਼ ਕਿਸੇ ਸੁਰ ਨਾਲ ਹੋਣਗੇ ਹੇਠਲਾ ਅੱਖਰ ਉਤਨੇ ਮਾਤਰੇ ਦਾ ਹੀ ਹੋਵੇਗਾ।
× ੦ ੨ ੩	ਜੋੜੀ ਦੇ ਚਿੰਨ੍ਹ, ਸਮ (ਗੁਰ) × ਖਾਲੀ ੦ ਅਤੇ ਬਾਕੀ ਦੋ ਤਿੰਨ ਅੱਗੇ ਤਾਲੀਆਂ ਹਨ।
* * ਸ — * * * *	ਦੋ ਮਾਤਰੇ ਚੁਪ ਰਹਿਣ ਲਈ। ਭਾਵ, ਸਾਜ਼ ਵੀ ਨਹੀਂ ਵਜਾਉਣਾ, ਅੱਗੇ ਦੋ ਮਾਤਰੇ ਸਾਜ਼ ਵਜਾਉਣ ਲਈ। ਦੋਹਾਂ ਵਿਚੋਂ ਕੋਈ ਵੀ ਰੂਪ ਹੋ ਸਕਦਾ ਹੈ।
ਰ ਗ ਗ — ਮ	ਉਤਲੀ ਸੁਰ ਛੋਹ ਕੇ ਹੇਠਲੀ ਸੁਰ ਵਜਾਓ ਜਾਂ ਗਾਓ। ਇਸ ਨੂੰ ਕਣ ਆਖਦੇ ਹਨ, ਕਣ ਮਾਤਰੇ ਦੇ ਚੌਥੇ ਹਿੱਸੇ ਤੋਂ ਵੀ ਘੱਟ ਹੁੰਦਾ ਹੈ।
(ਮ)	ਉਤਲੀ ਤੇ ਹੇਠਲੀ ਸੁਰ ਨਾਲ ਵਜਾਓ। ਜਿਵੇਂ :—ਧਮਗਮ, ਜਾਂ ਰਸਨ਼ਸ, ਇਸ ਨੂੰ ਬੜੇ ਧਿਆਨ ਨਾਲ ਲਾਉਣਾ ਹੁੰਦਾ ਹੈ। ਇਸੇ ਨੂੰ 'ਗਮਕ' ਆਖਦੇ ਹਨ।
ਧਪ, ਮ ਪਾ S	ਇਕੋ ਮਾਤਰੇ ਨੂੰ ਦੋ ਭਾਗਾਂ ਵਿਚ ਕਹਿਣਾ ਹੈ, ਅੱਧੇ ਮਾਤਰੇ 'ਧਪ' ਤੇ ਅੱਧੇ ਵਿਚ 'ਮ' ਹੇਠਾਂ ਜਿਵੇਂ ਪਾ ਹੈ ਇਸੇ ਤਰ੍ਹਾਂ ਕੋਈ ਵੀ ਅੱਖਰ ਹੋਵੇ ਉਸੇ ਨੂੰ ਗਾਓ। ਇਸ ਦਾ ਰੂਪ ਦੂਜਾ ਇੰਜ ਹੋਵੇਗਾ, ਧਪ, ਮ- ਜਾਂ ਧਪ, ਮਮ ਇਤਿਆਦਿ।

ਸੰਗੀਤ-ਸ਼ਾਸਤ੍ਰ

ਮੌਜੂਦਾ ਸਮੇਂ ਵਿਚ ਵਿਦਿਆਰਥੀਆਂ ਨੂੰ ਕੀਰਤਨ (ਸੰਗੀਤ) ਦੀ ਸਿਖਿਆ ਦੇਣ ਤੋਂ ਪਹਿਲਾਂ ਸੰਗੀਤ-ਸ਼ਾਸਤ੍ਰ ਦਾ ਗਿਆਨ ਕਰਾਉਣਾ ਜਰੂਰੀ ਹੋ ਗਿਆ ਹੈ। ਸੋ, ਅਸੀਂ "ਗੁਰਮਤ-ਸੰਗੀਤ ਸਾਗਰ" ਦੇ ਪਹਿਲੇ ਭਾਗ ਵਿਚ ਇਸ ਸੰਬੰਧੀ ਜਾਣਕਾਰੀ ਦਿੱਤੀ ਹੈ। ਜਿਵੇਂ :—ਨਾਦ, ਨਾਦ-ਭੇਦ, ਸ਼ੁਰਤੀ, ਸੁਰ, ਸਪਤਕ, ਠਾਟ, ਜਾਤੀ, ਆਰੋਹ-ਅਵਰੋਹ, ਵਾਦੀ-ਸੰਵਾਦੀ, ਪੂਰਵਾਂਗ-ਉਤ੍ਰਾਂਗ, ਸੰਗੀਤ ਪ੍ਰਣਾਲੀਆਂ, ਗਾਉਣ ਵਾਲਿਆਂ ਦੇ ਗੁਣ-ਅਵਗੁਣ ਅਤੇ ਆਵਾਜ਼ ਸੁਰੀਲੀ ਕਰਨ ਦੇ ਸਾਧਨ, ਪੱਥ-ਪਰਹੇਜ਼, ਇਤਿਆਦਿ ਬਾਰੇ ਸੰਖੇਪ ਵਿਚ ਦੱਸਿਆ ਗਿਆ ਹੈ। ਅਗੋਂ "ਗੁਰਮਤ ਸੰਗੀਤ ਸਾਗਰ" ਦੇ ਇਸ ਦੂਜੇ ਭਾਗ ਵਿਚ ਹੋਰ ਵਧੇਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਗ੍ਰਾਮ—ਗ੍ਰਾਮ ਸ਼ਬਦ ਦਾ ਸਾਧਾਰਨ ਅਰਥ ਹੈ ਪਿੰਡ; ਜਿਵੇਂ ਮਨੁਖਾਂ ਦੇ ਰਹਿਣ ਦੇ ਥਾਂ ਨੂੰ 'ਗਾਂਉ' ਪਿੰਡ ਆਖਦੇ ਹਨ, ਤਿਵੇਂ ਸੰਗੀਤ-ਸ਼ਾਸਤ੍ਰ ਅਨੁਸਾਰ ਸੱਤ ਸੁਰਾਂ ਦੇ ਸਮੂਹ ਨੂੰ ਗ੍ਰਾਮ ਕਹਿੰਦੇ ਹਨ। ਇਹੋ ਹੀ ਨਹੀਂ ਸਗੋਂ ਜਿਸ ਤਰ੍ਹਾਂ ਪਿੰਡਾਂ ਵਿਚ ਕਈ ਜ਼ਾਤਾਂ ਦੇ ਲੋਕੀਂ ਆਪਣੇ ਪ੍ਰਵਾਰਾਂ ਸਹਿਤ ਰਹਿੰਦੇ ਹਨ, ਉਸੇ ਤਰ੍ਹਾਂ ਸੰਗੀਤ ਵਿਚ ਭਿੰਨ ਭਿੰਨ ਗ੍ਰਾਮਾਂ ਤੋਂ 'ਮੂਰਛਨਾ ਰਾਹੀਂ' ਵਖੋ-ਵਖ ਜਾਤਾਂ ਦੇ ਰਾਗ ਬਣਾਏ ਜਾਂਦੇ ਸਨ। ਸੋ, ਪ੍ਰਾਚੀਨ ਸਮੇਂ ਵਿਚ ਸ਼ੁਰਤੀਆਂ ਦੇ ਨੀਅਮ ਅਨੁਸਾਰ ਕਾਇਮ ਕੀਤੇ ਸੱਤ ਸੁਰਾਂ ਦੇ ਸਮੂਹ ਨੂੰ ਗ੍ਰਾਮ ਕਹਿੰਦੇ ਸਨ।

ਵੈਦਿਕ ਕਾਲ ਵਿਚ ਗ੍ਰਾਮ ਤਿੰਨ ਪ੍ਰਕਾਰ ਦੇ ਮੰਨੇ ਜਾਂਦੇ ਸਨ :—

੧. ਖੜਜ-ਗ੍ਰਾਮ, ੨. ਮੱਧਮ-ਗ੍ਰਾਮ, ੩. ਗੰਧਾਰ-ਗ੍ਰਾਮ।

ਅਸਲ ਵਿਚ ਗੰਧਾਰ-ਗ੍ਰਾਮ ਦਾ ਨਾਮ ਨਿਖਾਦ-ਗ੍ਰਾਮ ਸੀ। ਕਿਉਂਕਿ ਇਹ ਨਿਖਾਦ ਸੁਰ ਤੋਂ ਆਰੰਭ ਹੁੰਦਾ ਸੀ। ਪਰ ਆਖਦੇ ਹਨ ਕਿ ਇਸ ਨੂੰ ਗੰਧ੍ਰਵ ਲੋਗ ਹੀ ਗਾਉਂਦੇ ਸਨ, ਇਸ ਲਈ ਇਸ ਦਾ ਨਾਮ ਗੰਧ੍ਰਵ ਤੋਂ ਗੰਧਾਰ-ਗ੍ਰਾਮ ਪੈ ਗਿਆ। ਖੈਰ! ਕੁਝ ਵੀ ਹੋਵੇ ਉਸ ਸਮੇਂ ਦੇ ਸੰਸਕ੍ਰਿਤ ਗ੍ਰੰਥਾਂ ਵਿਚ ਗ੍ਰਾਮਾਂ ਦਾ ਵੇਰਵਾ ਬੜੇ ਸੁਚੱਜੇ ਢੰਗ ਨਾਲ ਲਿਖਿਆ ਮਿਲਦਾ ਹੈ। ਸੰਗੀਤ ਗ੍ਰੰਥਾਂ ਨੂੰ ਘੋਖਣ ਤੋਂ ਇਸ ਗੱਲ ਦਾ ਪਤਾ ਚਲਦਾ ਹੈ ਕਿ ਪ੍ਰਾਚੀਨ ਗ੍ਰਾਮ-ਰਚਨਾ ਅਤੀ ਉੱਤਮ ਤੇ ਸ਼ੁੱਧ ਸੀ। ਭਾਵੇਂ ਮੌਜੂਦਾ ਸਮੇਂ ਵਿਚ ਠਾਟ (ਮੇਲ) ਪੱਧਤੀ ਪਰਚਲਿਤ ਹੋਣ ਕਰਕੇ ਇਸ ਦੀ ਹੁਣ ਲੋੜ ਨਹੀਂ। ਪਰ ਤਾਂ ਵੀ ਸੰਗੀਤ ਦੇ ਵਿਦਿਆਰਥੀਆਂ ਨੂੰ ਗ੍ਰਾਮ ਸੰਬੰਧੀ ਜਾਣਕਾਰੀ ਹੋਣੀ ਚਾਹੀਦੀ ਹੈ।

ਸੁਰਾਂ ਤੇ ਸ਼ੁਰਤੀਆਂ ਨੂੰ ਵੰਡਣ ਦੀ ਤਰਤੀਬ

ਸ਼ੁਰਤੀ—੪—੭—੯—੧੩—੧੭—੨੦—੨੨
ਸੁਰ— ਸਾ ਰੇ ਗਾ ਮਾ ਪਾ ਧਾ ਨੀ

ਇੰਜ ਸੁਰਾਂ ਨੂੰ ਕਾਇਮ ਕਰਨ ਤੇ ਜੋ ਗ੍ਰਾਮ ਬਣੇਗਾ, ਉਸੇ ਨੂੰ ਖੜਜ-ਗ੍ਰਾਮ ਕਹਿੰਦੇ ਹਨ। ਇਸ ਵਿਚ ਜੇ ਥੋੜਾ ਭੀ ਸ਼ੁਰਤੀ ਅੰਤਰ ਹੋਇਆ ਤਾਂ ਇਹ ਖੜਜ-ਗ੍ਰਾਮ ਨਹੀਂ ਮੰਨਿਆ ਜਾਵੇਗਾ। ਹੁਣ ਮੱਧਮ-ਗ੍ਰਾਮ ਇਸ ਤਰ੍ਹਾਂ ਬਣੇਗਾ ਕਿ ਪੰਚਮ ਸੁਰ ਨੂੰ ਜੋ ੧੭ਵੀਂ ਸ਼ੁਰਤੀ ਤੇ ਹੈ, ਹੇਠਾਂ ਉਤਾਰ ਕੇ ੧੬ਵੀਂ ਤੇ ਲੈ ਆਓ। ਜਿਵੇਂ :—

ਸ਼ੁਰਤੀ—੪—੭—੯—੧੩—੧੬—੨੦—੨੨
ਸੁਰ— ਸਾ ਰੇ ਗਾ ਮਾ ਪਾ ਧਾ ਨੀ

ਇੰਜ ਇਹ ਹੋ ਗਿਆ ਮੱਧਮ-ਗ੍ਰਾਮ। ਹੁਣ ਅੱਗੋਂ ਗੰਧਾਰ-ਗ੍ਰਾਮ ਇਸ ਤਰ੍ਹਾਂ ਬਣੇਗਾ ਕਿ ਰਿਖਭ ਇਕ ਸ਼ੁਰਤੀ ਉਤਰ ਕੇ ੬ਵੀਂ ਸ਼ੁਰਤੀ ਤੇ ਆਵੇਗਾ ਅਤੇ ਗੰਧਾਰ ਇਕ ਸ਼ੁਰਤੀ ਚੜ੍ਹ ਕੇ ੧੦ਵੀਂ ਤੇ ਹੋ ਜਾਵੇਗਾ, ਫਿਰ ਧੈਵਤ ਇਕ ਸ਼ੁਰਤੀ ਉਤਰ ਕੇ ੧੯ ਤੇ, ਅਤੇ ਨਿਖਾਦ ਇਕ ਸ਼ੁਰਤੀ ਚੜ੍ਹ ਕੇ ਪਹਿਲੀ ਸ਼ੁਰਤੀ ਤੇ ਹੋ ਜਾਵੇਗਾ। ਜਿਵੇਂ :—

ਸ਼ੁਰਤੀ—੪—੬—੧੦—੧੩—੧੬—੧੯—੧
ਸੁਰ— ਸਾ ਰੇ ਗਾ ਮਾ ਪਾ ਧਾ ਨੀ

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸੰਗੀਤ ਗ੍ਰੰਥਾਂ ਵਿਚ ਭਾਵੇਂ "ਸਪਤ ਸੁਰਨ ਅਰ ਤੀਨ ਗ੍ਰਾਮ ਇਕੀਸ ਮੂਰਛਨਾਂ" ਦਾ ਬਾਰ ਬਾਰ ਜ਼ਿਕਰ ਆਉਂਦਾ ਹੈ, ਪਰ ਗੰਧਾਰ-ਗ੍ਰਾਮ ਉਸ ਸਮੇਂ ਭੀ ਪਰਚਲਿਤ ਨਹੀਂ ਸੀ। ਕੇਵਲ ਖੜਜ-ਗ੍ਰਾਮ ਤੇ ਮੱਧਮ-ਗ੍ਰਾਮ ਤੋਂ ਹੀ ਰਾਗ ਗਾਏ-ਬਜਾਏ ਜਾਂਦੇ ਸਨ। ਗੰਧਾਰ-ਗ੍ਰਾਮ ਬਾਰੇ ਜੇ ਕੋਈ ਪੁੱਛ-ਪਰਤੀਤ ਕਰਦਾ ਤਾਂ ਇਹ ਕਹਿ ਕੇ ਗੱਲ ਮੁਕਾ ਦਿਤੀ ਜਾਂਦੀ ਸੀ ਕਿ ਗੰਧਾਰ-ਗ੍ਰਾਮ ਮਾਤ ਲੋਕ ਤੋਂ ਸੁਰਗ ਲੋਕ ਚਲਿਆ ਗਿਆ ਹੈ ਅਤੇ ਉਸ ਨੂੰ ਗੰਧ੍ਰਬ ਹੀ ਗਾਉਂਦੇ ਹਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੀ ਇੰਜ ਦਾ ਇਸ਼ਾਰਾ ਹੈ, ਜਿਵੇਂ :—

ਹਾਹਾ ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨਿ ਨੀਕੀ ॥
(ਰਾਗ ਮਲਾਰ ਮ: ੫, ਪੰਨਾ ੧੨੭੨)

੨੨ ਸ਼ੁਰਤੀਆਂ ਤੇ ਪ੍ਰਾਚੀਨ ਤਿੰਨ ਗ੍ਰਾਮਾਂ ਦੀ ਸਥਾਪਨਾ ਦਾ ਚਿੱਤ੍ਰ

ਸ਼ੁਰਤੀ ਨੰ:	ਸ਼ੁਰਤੀ ਨਾਮ	ਖੜਗ-ਗ੍ਰਾਮ	ਮੱਧਮ-ਗ੍ਰਾਮ	ਗੰਧਾਰ-ਗ੍ਰਾਮ
੧	ਤੀਵਰਾ	—	—	—
੨	ਕੁਮੁਦਵਤੀ	—	—	—
੩	ਮੰਦਾ	—	—	—
੪	ਛੰਦੋਵਤੀ	ਖੜਜ	ਖੜਜ	ਖੜਜ
੫	ਦਯਾਵਤੀ	—	—	—
੬	ਰੰਜਨੀ	—	—	ਰਿਖਭ
੭	ਰੱਤਿਕਾ	ਰਿਖਭ	ਰਿਖਭ	—
੮	ਰੌਦ੍ਰੀ	—	—	—
੯	ਕ੍ਰੋਧਾ	ਗੰਧਾਰ	ਗੰਧਾਰ	—
੧੦	ਵਜ੍ਰਿਕਾ	—	—	ਗੰਧਾਰ
੧੧	ਪ੍ਰਸਾਰਿਣੀ	—	—	—
੧੨	ਪ੍ਰੀਤੀ	—	—	—
੧੩	ਮਾਰਜਨੀ	ਮੱਧਮ	ਮੱਧਮ	ਮੱਧਮ
੧੪	ਕਸ਼ਿਤੀ	—	—	—
੧੫	ਰਕਤਾ	—	—	—
੧੬	ਸੰਪੀਦਨੀ	—	ਪੰਚਮ	ਪੰਚਮ
੧੭	ਆਲਾਪਿਨੀ	ਪੰਚਮ	—	—
੧੮	ਮਦੰਤੀ	—	—	—
੧੯	ਰੋਹਿਣੀ	—	—	ਧੈਵਤ
੨੦	ਰਮਯਾ	ਧੈਵਤ	ਧੈਵਤ	—
੨੧	ਉਗ੍ਰਾ	—	—	—
੨੨	ਕਸ਼ੋਭਿਣੀ	ਨਿਖਾਦ	ਨਿਖਾਦ	—
੧	ਤੀਵਰਾ	—	—	ਨਿਖਾਦ

ਪ੍ਰਾਚੀਨ ਗ੍ਰੰਥਾਂ ਵਿਚ ਭਾਵੇਂ ਹੋਰ ਵੀ ਕਈ ਪ੍ਰਕਾਰ ਨਾਲ ਸ਼ੁਰਤੀਆਂ ਤੇ ਗ੍ਰਾਮ ਦਿਖਾਏ ਗਏ ਹਨ, ਪਰ ਬਹੁਤੇ ਸੰਗੀਤ-ਵਿਦਵਾਨਾਂ ਦਾ ਮਤ ਇਹੋ ਹੈ, ਜੋ ਉਤੇ ਚਿੱਤ੍ਰ ਰਾਹੀਂ ਦਸਿਆ ਗਿਆ ਹੈ। ਉਪ੍ਰੋਕਤ ਨਕਸ਼ੇ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਮੱਧਮ-ਗ੍ਰਾਮ ਦੇ ਸੁਰ ਖੜਜ-ਗ੍ਰਾਮ ਦੇ ਸੁਰਾਂ ਨਾਲ ਮਿਲਦੇ ਹਨ। ਕੇਵਲ ਪੰਚਮ-ਸੁਰ ਇਕ ਸ਼ੁਰਤੀ ਹੇਠਾਂ ਮੰਨਿਆ ਗਿਆ ਹੈ। ਹਾਂ, ਗੰਧਾਰ-ਗ੍ਰਾਮ ਵਿਚ ਕਾਫੀ ਫਰਕ ਹੈ, ਪਰ ਇਹ ਪਰਚਲਿਤ ਨਹੀਂ ਸੀ। ਸੋ, ਵੇਖਣ ਤੋਂ ਐਸਾ ਨਜ਼ਰ ਆਉਂਦਾ ਹੈ ਕਿ ਸਾਡੇ ਪੁਰਾਤਨ ਸੰਗੀਤਕਾਰ ਇਸ ਗ੍ਰਾਮ ਯੋਜਨਾ ਤੋਂ ਆਪਣੇ ਵਿਕ੍ਰਿਤ ਸੁਰ ਕਾਇਮ ਕਰਕੇ ਵਖੋ-ਵਖ ਠਾਟ (ਮੇਲ) ਬਣਾਉਂਦੇ ਸਨ। ਪਰ ਗ੍ਰਾਮ-ਰਚਨਾ ਦੀ ਇਹ ਮਰਿਯਾਦਾ ਵਰਤਮਾਨ ਸਮੇਂ ਵਿਚ ਵਰਤੀ ਜਾ ਰਹੀ ੧੨ ਸੁਰਾਂ ਦੀ ਪ੍ਰਣਾਲੀ ਤੇ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੀ। ਉਂਜ ਅਸਾਂ ਨੂੰ ਇਹ ਮੰਨਣਾ ਪਵੇਗਾ ਕਿ ਸਾਡੀ ਪ੍ਰਾਚੀਨ ਸੰਗੀਤ ਪ੍ਰਣਾਲੀ ਮੌਜੂਦਾ ਸਮੇਂ ਦੀ ਠਾਟ (ਮੇਲ) ਪੱਧਤੀ ਤੋਂ ਅਤੀ ਉੱਤਮ ਤੇ ਸ਼ੁੱਧ ਸੀ।

ਮੂਰਛਨਾ—ਮੂਰਛ ਤੋਂ ਮੂਰਛਨਾ ਸ਼ਬਦ ਬਣਿਆ ਹੈ। ਜਿਸ ਦਾ ਅਰਥ 'ਮੋਹ' ਨਹੀਂ ਸਗੋਂ ਸਮੁੱਛਤ ਹੈ। ਭਾਵ, ਉੱਚਾ, ਵਧਿਆ ਹੋਇਆ, ਉਭਰਿਆ ਹੋਇਆ। ਕਿਉਂਕਿ ਆਰੋਹ ਕਰਨ ਵੇਲੇ ਖੜਜ ਆਰੰਭਕ ਸੁਰ ਹੁੰਦਾ ਹੈ ਅਤੇ ਅਵਰੋਹ ਦਾ ਅੰਤ ਵੀ ਖੜਜ ਤੇ ਆ ਕੇ ਮੁਕਦਾ ਹੈ। ਜਿਸ ਕਾਰਣ ਖੜਜ ਬਾਕੀ ਸੁਰਾਂ ਤੋਂ ਉਭਰਿਆ ਰਹਿੰਦਾ ਹੈ। ਭਾਵ, ਹਰੇਕ ਮੂਰਛਨਾ ਵਿਚ ਖੜਜ ਦੀ ਹੀ ਪ੍ਰਧਾਨਤਾ ਰਹਿੰਦੀ ਹੈ। ਆਰੋਹ-ਅਵਰੋਹ ਕਰਨ ਵੇਲੇ ਭੀ ਖੜਜ ਨੂੰ ਹੀ ਆਧਾਰ ਮੰਨਿਆ ਜਾਂਦਾ ਹੈ। ਇਸੇ ਕਰਕੇ ਸ਼ਾਸਤ੍ਰਕਾਰਾਂ ਨੇ ਇਸ ਦਾ ਨਾਮ ਮੂਰਛਨਾ ਰੱਖਿਆ।

ਅਸੀਂ ਪਿਛੇ ਲਿਖਿਆ ਹੈ ਕਿ ਵੈਦਿਕ ਕਾਲ ਵਿਚ ਤਿੰਨ ਗ੍ਰਾਮ ਮੰਨੇ ਜਾਂਦੇ ਸਨ। ਗੰਧਾਰ-ਗ੍ਰਾਮ ਨੂੰ ਛੱਡ ਕੇ ਬਾਕੀ ਦੋਵੇਂ ਗ੍ਰਾਮ ਪਰਚਲਿਤ ਸਨ ਅਤੇ ਮੂਰਛਨਾ ਪੱਧਤੀ ਦੇ ਨੀਅਮ ਵਿਚ ਹੀ ਰਾਗ-ਵਰਗ ਬਣਾਏ ਜਾਂਦੇ ਸਨ। ਕਿਉਂਕਿ ਇਸ ਪੱਧਤੀ ਵਿਚ ਸ਼ੁਰਤੀ ਅੰਤਰ, ਗੁਣਾ ਅੰਤਰ, ਕੰਪਨ ਸੰਖਿਆ, ਸੁਰ-ਸੰਵਾਦ ਆਦਿ ਠੀਕ ਠੀਕ ਨਿਸਚਿਤ ਕਰਕੇ ਜਿਹੜੇ ਰਾਗ ਗਾਏ ਬਜਾਏ ਜਾਂਦੇ ਸਨ, ਉਹ ਸ਼ਾਸਤ੍ਰ ਨੀਅਮ ਅਨੁਸਾਰ ਸ਼ੁੱਧ ਹੁੰਦੇ ਸਨ :—

ਕ੍ਰਮਾਤਸਵਰਾਣਾਂ ਸਪਤਾਨਾਮਾਰੋਹੇ ਸਚਾਵਰੋਹਣਮ।
ਮੂਰਛਨੇ ਤਯੁਚੱਯਤੇ ਗ੍ਰਾਮ ਤ੍ਰਯੇ ਤਾ: ਸਪਤਸਪਤ ਚ ॥ ੯੨ ॥

(ਸੰਗੀਤ ਰਤਨਾਕਰ)

ਭਾਵ-ਅਰਥ :—ਸਤ ਸੁਰਾਂ ਦੀ ਤਰਤੀਬਵਾਰ ਆਰੋਹ-ਅਵਰੋਹ ਕਰਨ ਨੂੰ ਮੂਰਛਨਾ ਕਹਿੰਦੇ ਹਨ। ਤਿੰਨ ਗ੍ਰਾਮ ਹਨ ਅਤੇ ਉਨ੍ਹਾਂ ਵਿਚ ਹਰ ਇਕ ਦੀਆਂ ੭-੭ ਮੂਰਛਨਾ ਹਨ।

ਇਸ ਪ੍ਰਕਾਰ ਤਿੰਨ ਗ੍ਰਾਮਾਂ ਤੋਂ ੨੧ ਮੂਰਛਨਾ ਪ੍ਰਾਚੀਨ ਸ਼ਾਸਤ੍ਰਕਾਰ ਬਤਾਉਂਦੇ ਸਨ। ਹੇਠਾਂ ਉਨ੍ਹਾਂ ਦੇ ਨਾਮ ਤੇ ਸੁਰ ਦਿੱਤੇ ਹਨ :—

ਖੜਜ ਗ੍ਰਾਮ ਦੀ ਮੂਰਛਨਾ

ਨੰ:	ਨਾਮ ਮੂਰਛਨਾ	ਆਰੋਹ							ਅਵਰੋਹ						
੧	ਉੱਤ੍ਰਾਮੰਦ੍ਰਾ	ਸ	ਰ	ਗ	ਮ	ਪ	ਧ	ਨ	ਨ	ਧ	ਪ	ਮ	ਗ	ਰ	ਸ
੨	ਰਜਨੀ	ਨ̣	ਸ	ਰ	ਗ	ਮ	ਪ	ਧ	ਧ	ਪ	ਮ	ਗ	ਰ	ਸ	ਨ̣
੩	ਉੱਤ੍ਰਾਯਤਾ	ਧ̣	ਨ̣	ਸ	ਰ	ਗ	ਮ	ਪ	ਪ	ਮ	ਗ	ਰ	ਸ	ਨ̣	ਧ̣
੪	ਸ਼ੁੱਧ ਖੜਜ	ਪ̣	ਧ̣	ਨ̣	ਸ	ਰ	ਗ	ਮ	ਮ	ਗ	ਰ	ਸ	ਨ̣	ਧ̣	ਪ̣
੫	ਮਤਸਰੀ ਕ੍ਰਿਤਾ	ਮ̣	ਪ̣	ਧ̣	ਨ̣	ਸ	ਰ	ਗ	ਗ	ਰ	ਸ	ਨ̣	ਧ̣	ਪ̣	ਮ̣
੬	ਅਸ਼ਵਕ੍ਰਾਂਤਾ	ਗ̣	ਮ̣	ਪ̣	ਧ̣	ਨ̣	ਸ	ਰ	ਰ	ਸ	ਨ̣	ਧ	ਪ̣	ਮ̣	ਗ̣
੭	ਅਭਿਰੂੱਦਗਤਾ	ਰ̣	ਗ̣	ਮ̣	ਪ̣	ਧ̣	ਨ̣	ਸ	ਸ	ਨ̣	ਧ̣	ਪ	ਮ̣	ਗ̣	ਰ̣

ਮੱਧਮ ਗ੍ਰਾਮ ਦੀ ਮੂਰਛਨਾ

੧	ਸੌਵੀਰੀ	ਮ	ਪ	ਧ	ਨ	ਸਂ	ਰਂ	ਗਂ	ਗਂ	ਰਂ	ਸਂ	ਨ	ਧ	ਪ	ਮ
੨	ਹਰਿਣਾਸ਼ਵਾ	ਗ	ਮ	ਪ	ਧ	ਨ	ਸਂ	ਰਂ	ਰਂ	ਸਂ	ਨ	ਧ	ਪ	ਮ	ਗ
੩	ਕਲੋਪਨਤਾ	ਰ	ਗ	ਮ	ਪ	ਧ	ਨ	ਮਂ	ਸਂ	ਨ	ਧ	ਪ	ਮ	ਗ	ਰ
੪	ਸ਼ੁੱਧ ਮੱਧਜਾ	ਸ	ਰ	ਗ	ਮ	ਪ	ਧ	ਨ	ਨ	ਧ	ਪ	ਮ	ਗ	ਰ	ਸ
੫	ਮਾਰਗੀ	ਨ਼	ਸ	ਰ	ਗ	ਮ	ਪ	ਧ	ਧ	ਪ	ਮ	ਗ	ਰ	ਸ	ਨ਼
੬	ਪੌਰਵੀ	ਧ਼	ਨ਼	ਸ	ਰ	ਗ	ਮ	ਪ	ਪ	ਮ	ਗ	ਰ	ਸ	ਨ਼	ਧ਼
੭	ਹਰਿਸ਼ਜਕਾ	ਪ਼	ਧ਼	ਨ਼	ਸ	ਰ	ਗ	ਮ	ਮ	ਗ	ਰ	ਸ	ਨ਼	ਧ਼	ਪ਼

ਗੰਧਾਰ ਗ੍ਰਾਮ ਦੀ ਮੂਰਛਨਾ

ਨੋਟ :—ਪ੍ਰਾਚੀਨ ਸੰਗੀਤ ਗ੍ਰੰਥਾਂ ਵਿਚ ਗੰਧਾਰ ਨੂੰ ਹੀ ਨਿਖਾਦ ਗ੍ਰਾਮ ਕਿਹਾ ਹੈ। ਕਿਉਂਕਿ ਇਸ ਦੀ ਪਹਿਲੀ ਮੂਰਛਨਾ ਨਿਖਾਦ ਸੁਰ ਤੋਂ ਆਰੰਭ ਹੁੰਦੀ ਹੈ।

੧	ਨੰਦਾ	ਨ	ਸਂ	ਰਂ	ਗਂ	ਮਂ	ਪਂ	ਧਂ	ਧਂ	ਪਂ	ਮਂ	ਗਂ	ਰਂ	ਸਂ	ਨ
੨	ਵਿਸ਼ਾਲਾ	ਧ	ਨ	ਸਂ	ਰਂ	ਗਂ	ਮਂ	ਪਂ	ਪਂ	ਮਂ	ਗਂ	ਰਂ	ਸਂ	ਨ	ਧ
੩	ਸੁਮੁਖੀ	ਪ	ਧ	ਨ	ਸਂ	ਰਂ	ਗਂ	ਮਂ	ਮਂ	ਗਂ	ਰਂ	ਸਂ	ਨ	ਧ	ਪ
੪	ਵਿਚਿੱਤ੍ਰਾ	ਮ	ਪ	ਧ	ਨ਼	ਸਂ	ਰਂ	ਗਂ	ਗਂ	ਰਂ	ਸਂ	ਨ	ਧ	ਪ	ਮ
੫	ਰੋਹਿਣੀ	ਗ	ਮ	ਪ	ਧ	ਨ	ਸਂ	ਰਂ	ਰਂ	ਸਂ	ਨ	ਧ	ਪ	ਮ	ਗ
੬	ਸੁਖਾ	ਰ	ਗ	ਮ	ਪ	ਧ	ਨ	ਸਂ	ਸਂ	ਨ	ਧ	ਪ	ਮ	ਗ	ਰ
੭	ਅਲਾਪਾ	ਸ	ਰ	ਗ	ਮ	ਪ	ਧ	ਨ	ਨ	ਧ	ਪ	ਮ	ਗ	ਰ	ਸ

ਗੰਧਾਰ ਗ੍ਰਾਮ ਦੀਆਂ ੭ ਮੂਰਛਨਾ ਸੰਬੰਧੀ ਪੰ: ਦਾਮੋਦਰ ਆਪਣੇ ਸੰਗੀਤ ਦਰਪਣ ਵਿਚ ਲਿਖਦਾ ਹੈ :—

ਤਸ਼ਚ ਸ੍ਵਰਗੇ ਪ੍ਰਯੋਕਤੱਵਯਾ ਵਿਸ਼ੇਸ਼ਾਦੱਤ੍ਰ ਨੋਦਿਤਾ ॥ ੯੯ ॥

ਭਾਵ-ਅਰਥ :—ਇਸ ਦਾ ਪ੍ਰਯੋਗ (ਅੰਤ ਦੀਆਂ ਸੱਤ ਮੂਰਛਨਾ ਦਾ) ਸੁਰਗ ਲੋਕ ਵਿਚ ਹੁੰਦਾ ਹੈ, ਇਸ ਲਈ ਇਨ੍ਹਾਂ ਬਾਰੇ ਵਿਸ਼ੇਸ਼ ਵਰਣਨ ਨਹੀਂ ਕੀਤਾ ਗਿਆ।

ਇੰਜ ਹੋਰ ਵਿਦਵਾਨਾਂ ਦੇ ਲਿਖੇ ਅਨੁਸਾਰ ੧੪ ਮੂਰਛਨਾ ਦਾ ਹੀ ਸੰਗੀਤ-ਸ਼ਾਸਤ੍ਰਾਂ ਵਿਚ ਜ਼ਿਕਰ ਹੈ, ਭਾਵੇਂ ਨਾਮ ੨੧ ਮੂਰਛਨਾ ਦੇ ਹੀ ਦਿੱਤੇ ਹਨ।

ਸੰਗੀਤ (ਕੀਰਤਨ) ਸਿੱਖਣ ਵਾਲੇ ਵਿਦਿਆਰਥੀਆਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਪ੍ਰਾਚੀਨ ਸ਼ਾਸਤ੍ਰਕਾਰਾਂ ਨੇ ਜਿਹੜੇ ਮੂਰਛਨਾ ਦੇ ਸੁਰ ਦਿਤੇ ਹਨ ਉਨ੍ਹਾਂ ਦਾ ਭਾਵ ਕੇਵਲ ਆਰੋਹ-ਅਵਰੋਹ ਹੀ ਨਹੀਂ ਸਮਝ ਲੈਣਾ, ਸਗੋਂ ਇਨ੍ਹਾਂ ਦਾ ਬੜਾ ਗੂੜ੍ਹ ਭਾਵ ਹੈ।

ਜਿਵੇਂ ਸਾਡੇ ਸੰਗੀਤ ਵਿਦਵਾਨਾਂ ਨੇ ੧੨ ਸੁਰਾਂ ਤੋਂ ਜਨਕ-ਜਨਯ (ਠਾਟ-ਮੇਲ) ਬਣਾਏ ਅਤੇ ਉਨ੍ਹਾਂ ਠਾਟਾਂ ਤੋਂ ਫਿਰ ਵਖੋ-ਵਖ ਜਾਤੀ ਦੇ ਰਾਗਾਂ ਨੂੰ ਨੇਮ ਬੱਧ ਕੀਤਾ ਹੈ। ਤਿਵੇਂ, ਪ੍ਰਾਚੀਨ ਸ਼ਾਸਤ ਕਰਤਾ ਭੀ ਮੂਰਛਨਾ ਰਾਹੀਂ ਭਿੰਨ ਭਿੰਨ ਜਾਤੀ ਦੇ ਰਾਗ ਉਤਪੰਨ ਕਰਦੇ ਸਨ।

ਪ੍ਰਾਚੀਨ ਗ੍ਰੰਥ ਕਰਤਾ ਆਪਣੇ ਕਿਸੇ ਰਾਗ ਦਾ ਵਰਣਨ ਕਰਨ ਸਮੇਂ ਇਹ ਨਹੀਂ ਕਹਿੰਦੇ ਸਨ ਕਿ ਇਸ ਵਿਚ ਫਲਾਂ ਫਲਾਂ ਸੁਰ ਕੋਮਲ ਜਾਂ ਤੀਵਰ ਹਨ, ਉਹ ਕਹਿੰਦੇ ਸਨ ਕਿ ਇਹ ਫਲਾਂ ਮੂਰਛਨਾ

ਦਾ ਰਾਗ ਹੈ। ਉਦਾਹਰਣ ਵਜੋਂ :—

ਖੜਜ ਗ੍ਰਾਮ ਦੀ ਪਹਿਲੀ ਮੂਰਛਨਾ "ਉੱਤ੍ਰਾਮੰਦ੍ਰਾ" ਨੂੰ ਹੀ ਲਵੋ, ਇਸ ਵਿਚ ਸ, ਰ, ਗ, ਮ, ਪ, ਧ, ਨ, ਇਹ ਸੱਤ ਸੁਰ ਸ਼ੁੱਧ (ਤੀਵਰ) ਹਨ। ਅਜ-ਕਲ ਦੀ ਬੋਲ-ਚਾਲ ਵਿਚ ਅਸੀਂ "ਬਿਲਾਵਲ ਠਾਟ" ਜਾਂ ਬਿਲਾਵਲ ਰਾਗ ਕਹਾਂਗੇ। ਇਸੇ ਠਾਟ ਦੇ ਕਿਸੇ ਦੂਜੇ ਰਾਗ ਨੂੰ ਦੱਸਣ ਵੇਲੇ ਕਹਾਂਗੇ ਕਿ ਇਹ ਬਿਲਾਵਲ ਠਾਟ ਦਾ ਰਾਗ ਹੈ ਅਤੇ ਇਸ ਵਿਚ ਸਭ ਸੁਰ ਸ਼ੁੱਧ ਲਗਦੇ ਹਨ। ਪਰ ਪੁਰਾਤਨ ਸਮੇਂ ਵਿਚ ਇੰਜ ਨਹੀਂ ਕਹਿੰਦੇ ਸਨ, ਉਹ ਸਿਰਫ ਇਤਨਾ ਕਹਿੰਦੇ ਸਨ ਕਿ ਇਹ ਖੜਗ-ਗ੍ਰਾਮ ਦੀ ਪਹਿਲੀ ਮੂਰਛਨਾ ਦਾ ਰਾਗ ਹੈ। ਇਸ ਪ੍ਰਕਾਰ ਜਦੋਂ ਅਸੀਂ ਦੂਜੀ ਮੂਰਛਨਾ 'ਰਜਨੀ' ਤੋਂ ਸਾ ਰੇ ਗਾ ਮਾ ਆਰੰਭ ਕਰਾਂਗੇ ਤਾਂ 'ਨੀ ਤੇ ਗਾ' ਦੋ ਸੁਰ ਕੋਮਲ ਹੋ ਜਾਣਗੇ ਅਤੇ ਇਸ ਤੋਂ ਅੱਗੇ ਫਿਰ ਤੀਜੀ ਮੂਰਛਨਾ 'ਉੱਤ੍ਰਾਯਤਾ' ਤੋਂ ਸਾ ਰੇ ਗਾ ਮਾ ਪਾ ਧਾ ਨੀ ਕਹਾਂਗੇ ਤਾਂ 'ਧਾ ਨੀ ਰੇ ਗਾ' ਚਾਰ ਸੁਰ ਕੋਮਲ ਹੋ ਜਾਣਗੇ। ਜਿਵੇਂ :—

ਸ	ਰ	ਗ	ਮ	ਪ	ਧ	ਨ	ਪਹਿਲੀ ਮੂਰਛਨਾ
ਨ਼	ਸ	ਰ	ਗੁ	ਮ	ਪ	ਧ	ਦੂਜੀ ਮੂਰਛਨਾ
ਧ਼ੁ	ਨ਼ੁ	ਸ	ਰੁ	ਗੁ	ਮ	ਪ	ਤੀਜੀ ਮੂਰਛਨਾ

ਇਸ ਦਾ ਭਾਵ ਇਹ ਹੈ ਕਿ ਜਦੋਂ ਅਸੀਂ ਰਿਖਭ ਨੂੰ ਖੜਜ ਮੰਨ ਕੇ ਆਰੋਹ ਕਰਾਂਗੇ ਤਾਂ 'ਗਾ-ਨੀ' ਕੋਮਲ ਹੋ ਜਾਣਗੇ ਅਤੇ ਜਦੋਂ ਗੰਧਾਰ ਸੁਰ ਨੂੰ ਖੜਜ ਮੰਨ ਕੇ ਆਰੋਹ ਕਰਾਂਗੇ ਤਾਂ, 'ਰੇ ਗਾ ਧਾ ਨੀ' ਕੋਮਲ ਹੋ ਜਾਣਗੇ। ਇੰਜ ਮੌਜੂਦਾ ਸਮੇਂ ਦੇ ਸਾਡੇ ਤਿੰਨ ਠਾਟ ਬਣਨਗੇ—ਬਿਲਾਵਲ, ਕਾਫੀ ਤੇ ਭੈਰਵੀ। ਅਜ-ਕਲ ਦੀ ਬੋਲੀ ਵਿਚ ਇਨ੍ਹਾਂ ਨੂੰ ਬਿਲਾਵਲ ਠਾਟ, ਕਾਫੀ ਠਾਟ ਤੇ ਭੈਰਵੀ ਠਾਟ ਹੀ ਤਾਂ ਕਹਾਂਗੇ। ਪਰ ਪ੍ਰਾਚੀਨ ਗ੍ਰੰਥ ਕਰਤਾ ਆਪਣੇ ਨੀਅਮ ਅਨੁਸਾਰ ਇਨ੍ਹਾਂ ਨੂੰ ਖੜਜ ਦੀ ਮੂਰਛਨਾ, ਰਿਖਭ ਦੀ ਮੂਰਛਨਾ ਤੇ ਗੰਧਾਰ ਦੀ ਮੂਰਛਨਾ ਕਹਿਣਗੇ। ਜਾਂ ਖੜਜ ਗ੍ਰਾਮ ਦੀ ਪਹਿਲੀ, ਦੂਜੀ, ਤੀਜੀ ਮੂਰਛਨਾ ਦੀ ਸੰਗਯਾ ਦਿੱਤੀ ਜਾਵੇਗੀ।

ਇਸ ਤਰ੍ਹਾਂ ਮੂਰਛਨਾਵਾਂ ਤੋਂ ਪ੍ਰਾਚੀਨ ਸੰਗੀਤ ਪੰਡਿਤਾਂ ਨੇ ਰਾਗ ਉਤਪੰਨ ਕੀਤੇ, ਅਗੋਂ ਉਨ੍ਹਾਂ ਦੇ ਓਡਵ, ਖਾਡਵ, ਸੰਪੂਰਣ ਐਸੇ ਤਿੰਨ ਰੂਪ ਕਰਕੇ ਰਾਗਾਂ ਦੀਆਂ ਜਾਤੀਆਂ ਕਾਇਮ ਕੀਤੀਆਂ ਅਤੇ ਉਨ੍ਹਾਂ ਜਾਤੀਆਂ ਤੋਂ ਫਿਰ ਹੋਰ ਸੈਂਕੜੇ ਰਾਗ ਬਣਾਏ ਗਏ।

ਪ੍ਰਾਚੀਨ ਕਾਲ ਤੋਂ ਬਾਦ ਮੱਧ ਕਾਲ ਦੇ ਸੰਗੀਤ ਵਿਦਵਾਨਾਂ ਨੇ ਤਾਂ ਮੂਰਛਨਾ ਦੇ ਰੂਪ ਹੀ ਬਦਲ ਦਿਤੇ। ਭਾਵ, ਉਹ ਇਸ ਨੂੰ ਇਕ ਤਾਨ ਦੇ ਰੂਪ ਵਿਚ ਮੰਨਣ ਲਗ ਪਏ। ਜਿਵੇਂ :—ਮਾਲਕੌਂਸ ਰਾਗ ਦੇ ਮੱਧਮ ਨੂੰ ਗ੍ਰਹਿ-ਸੁਰ ਅਤੇ ਖੜਜ ਨੂੰ ਨਿਆਸ-ਸੁਰ ਮੰਨ ਲਿਆ ਜਾਵੇ : 'ਰੇ ਅਤੇ ਪਾ' ਵਰਜਿਤ ਕਰਕੇ "ਮਗੁਮਧੁਨੁਧੁਮਗੁਸ" ਇਸ ਤਰ੍ਹਾਂ ਸੁਰ ਲਗਾਏ ਜਾਣ ਤਾਂ ਉਹ "ਮਾਲਕੌਂਸ ਦੀ ਮੂਰਛਨਾ" ਹੋਵੇਗੀ।

ਮੱਧ ਕਾਲ ਤੋਂ ਬਾਦ ਮੌਜੂਦਾ ਸਮੇਂ ਵਿਚ ਮੂਰਛਨਾ ਦਾ ਅਰਥ ਕੁਝ ਹੋਰ ਹੀ ਹੋ ਗਿਆ। ਕਰਨਾਟਕੀ (ਦੱਖਣੀ) ਸੰਗੀਤ ਵਿਦਵਾਨ ਤਾਂ ਹਰੇਕ ਰਾਗ ਦੀ ਆਰੋਹ-ਅਵਰੋਹ ਨੂੰ ਹੀ ਮੂਰਛਨਾ ਆਖਦੇ ਹਨ। ਪਰ ਸਾਡੇ ਉੱਤ੍ਰੀ ਭਾਰਤੀ ਸੰਗੀਤਕਾਰ ਤਾਂ, ਇਸ ਦੀ ਵਰਤੋਂ ਹੀ ਨਹੀਂ ਕਰਦੇ। ਹਾਂ, ਕੋਈ-ਕੋਈ ਗਾਇਕ ਅਜੇ ਭੀ ਕਿਸੇ ਸੁਰ ਦੀ ਕੰਪਿਤ ਕ੍ਰਿਆ ਨੂੰ ਮੂਰਛਨਾ ਕਹਿੰਦਾ ਸੁਣਿਆ ਹੈ। ਜਿਵੇਂ :—ਬਿਲਾਵਲ ਰਾਗ ਦਾ ਧੈਵਤ ਸੁਰ ਕੰਪਿਤ ਅਤੇ ਨਿਖਾਦ ਅਧੀਨ ਹੈ, ਕੁਝ ਗਾਇਕ ਇਸ ਨੂੰ "ਧੈਵਤ ਤੇ

ਨਿਖਾਦ ਦੀ ਮੂਰਛਨਾ" ਕਹਿਣਗੇ । ਭਾਵ, ਜੋ ਸੁਰ ਕਦੇ ਆਪਣੇ ਅਸਥਾਨ ਤੇ ਆਵੇ, ਕਦੇ ਨਾ ਆਵੇ, ਫਿਰ ਘਟ-ਵਧ ਹੋਵੇ, ਪਰ ਕੰਨਾਂ ਨੂੰ ਚੰਗਾ ਲੱਗੇ ਉਸ ਸੁਰ ਦੇ ਹਿਲਣ ਨੂੰ ਅਜ-ਕਲ ਮੂਰਛਨਾ ਕਹਿੰਦੇ ਹਨ । ਸੋ, ਉਪ੍ਰੋਕਤ ਵਿਚਾਰ ਕਰਨ ਤੋਂ ਇਹ ਗੱਲ ਸਪਸ਼ਟ ਹੋ ਗਈ ਕਿ ਪ੍ਰਾਚੀਨ ਕਾਲ ਵਿਚ ਮੂਰਛਨਾ ਦਾ ਅਰਥ ਕੁਝ ਹੋਰ ਸੀ; ਮੱਧ ਕਾਲ ਵਿਚ ਹੋਰ ਹੋ ਗਿਆ ਅਤੇ ਅਜ-ਕਲ ਉਸ ਦਾ ਰੂਪ ਬਿਲਕੁਲ ਹੀ ਬਦਲ ਗਿਆ ਹੈ । ਭਾਵ, ਮੌਜੂਦਾ ਸਮੇਂ ਦੇ ਵਿਦਵਾਨਾਂ ਨੇ ਆਪਣੀ ੧੨ ਸੁਰਾਂ ਦੀ ਬੇਸੁਰੀ ਤੇ ਅਸ਼ੁੱਧ ਠਾਟ ਪੱਧਤੀ ਨੂੰ ਪਰਚਲਿਤ ਕਰਕੇ ਪ੍ਰਾਚੀਨ ਰਿਸ਼ੀਆਂ ਦੀ ਕਾਇਮ ਕੀਤੀ ਮੂਰਛਨਾ ਪੱਧਤੀ ਦਾ ਭੋਗ ਪਾ ਦਿੱਤਾ ਹੈ ।

ਨੋਟ :— ੧੨ ਸੁਰਾਂ ਤੇ ਆਧਾਰਿਤ ਆਧੁਨਿਕ ਠਾਟਾਂ ਵਿਚ ਜਿਹੜੀਆਂ ਤਰੁੱਟੀਆਂ ਹਨ, ਉਨ੍ਹਾਂ ਸੰਬੰਧੀ ਅੱਗੇ ਦੱਸਿਆ ਜਾਵੇਗਾ ।

ਰਾਗ ਦੇ ੧੦ ਲੱਛਣ

ਰਾਗਾਂ ਦੀ ਪਹਿਚਾਨ ਕਰਨ ਲਈ ਪ੍ਰਾਚੀਨ ਗ੍ਰੰਥਕਾਰਾਂ ਨੇ ਜਿਹੜੇ ਦਸ ਲੱਛਣ ਦੱਸੇ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

੧. ਗ੍ਰਹਿ — ਜਿਸ ਸੁਰ ਤੋਂ ਰਾਗ ਦਾ ਗਾਉਣਾ-ਬਜਾਉਣਾ ਆਰੰਭ ਹੋਵੇ, ਉਸੇ ਨੂੰ ਗ੍ਰਹਿ ਸੁਰ ਆਖਦੇ ਹਨ ।

੨. ਅੰਸ਼— ਜਿਹੜਾ ਸੁਰ ਰਾਗ ਵਿਚ ਬਾਕੀ ਸੁਰਾਂ ਤੋਂ ਵਧ ਲੱਗੇ ਉਸ ਨੂੰ ਅੰਸ਼ ਸੁਰ ਕਹਿੰਦੇ ਹਨ । ਇਸੇ ਨੂੰ ਹੀ ਅਜ-ਕਲ ਵਾਦੀ ਸੁਰ ਕਹਿੰਦੇ ਹਨ ।

੩. ਨਿਆਸ— ਜਿਸ ਸੁਰ ਤੇ ਗਾਉਣਾ-ਬਜਾਉਣਾ ਸਮਾਪਤ ਹੋਵੇ ਉਸ ਨੂੰ ਨਿਆਸ ਸੁਰ ਕਹਿੰਦੇ ਹਨ।

੪. ਤਾਰ — ਤਾਰ ਸਪਤਕ ਵਿਚ ਗਾਉਣ ਸਮੇ ਜਿਸ ਸੁਰ ਤਕ ਗਾਇਕ ਪਹੁੰਚ ਸਕੇ ਉਸੇ ਨੂੰ ਤਾਰ ਸੁਰ ਕਹਿੰਦੇ ਹਨ ।

੫. ਮੰਦ੍ਰ— ਮੰਦ੍ਰ ਸਪਤਕ ਵਿਚ ਗਾਉਣ ਸਮੇਂ ਜਿਸ ਸੁਰ ਤਕ ਹੇਠਾਂ ਗਾਇਕ ਸੁਰ ਲਗਾ ਸਕੇ ਉਸੇ ਨੂੰ ਮੰਦ੍ਰ ਸੁਰ ਆਖਦੇ ਹਨ ।

੬. ਅਪਨਿਆਸ—ਜਿਸ ਸੁਰ ਤੇ ਰਾਗ ਦਾ ਕੋਈ ਹਿੱਸਾ ਖਤਮ ਹੋਵੇ ਉਸ ਨੂੰ ਅਪਨਿਆਸ ਸੁਰ ਕਹਿੰਦੇ ਹਨ ।

੭. ਸਨਿਆਸ— ਜਿਸ ਸੁਰ ਤੇ ਰਾਗ ਦਾ ਪਹਿਲਾ ਭਾਗ ਸਮਾਪਤ ਹੋਵੇ ਉਸ ਨੂੰ ਸਨਿਆਸ ਸੁਰ ਕਹਿੰਦੇ ਹਨ ।

੮. ਵਿਨਿਆਸ — ਜਿਸ ਸੁਰ ਤੇ ਰਾਗ ਦੇ ਪਹਿਲੇ ਭਾਗ ਦਾ ਹਿੱਸਾ ਖਤਮ ਹੋਵੇ ਉਸ ਨੂੰ ਵਿਨਿਆਸ ਸੁਰ ਕਹਿੰਦੇ ਹਨ ।

੯. ਬਹੁਤਵ— ਇਸ ਦੇ ਦੋ ਪ੍ਰਕਾਰ ਹਨ—(੧) ਅਲੰਘਨ, (੨) ਅਭਿਆਸ ।

ਆਲੰਘਨ—ਉਸ ਨੂੰ ਕਹਿੰਦੇ ਹਨ, ਜਦੋਂ ਕਿਸੇ ਸੁਰ ਨੂੰ ਥੋੜਾ ਛੂਹ ਕੇ ਛੱਡ ਦਿਤਾ ਜਾਵੇ : ਇਸ ਦਾ ਵਜ਼ਨ ਦੂਜੇ ਸੁਰਾਂ ਤੋਂ ਬਹੁਤ ਘੱਟ ਹੁੰਦਾ ਹੈ।

ਅਭਿਆਸ—ਉਸ ਨੂੰ ਕਹਿੰਦੇ ਹਨ ਜਿਹੜਾ ਬਾਕੀ ਸੁਰਾਂ ਦੇ ਵਿਚਕਾਰ ਆ ਕੇ ਬਾਰ-ਬਾਰ ਵਰਤਿਆ ਜਾਵੇ ਅਤੇ ਉਸ ਦਾ ਇਕੋ ਥਾਂ ਮੁੜ-ਮੁੜ ਉਚਾਰਣ ਕੀਤਾ ਜਾਵੇ।

੧੦. ਅਲਪਤਵ— ਇਸ ਦੇ ਵੀ ਦੋ ਪ੍ਰਕਾਰ ਹਨ—(੧) ਲੰਘਨ, (੨) ਅਨਭਿਆਸ।

ਲੰਘਨ—ਉਹ ਸੁਰ ਹੁੰਦਾ ਹੈ ਜਿਸ ਨੂੰ ਰਾਗ ਦੇ ਆਰੋਹ-ਅਵਰੋਹ ਵਿਚ ਛੱਡ ਦਿਤਾ ਜਾਵੇ। ਭਾਵ, ਵਰਜਿਤ ਸੁਰ।

ਅਨਭਿਆਸ—ਉਸ ਨੂੰ ਕਹਿੰਦੇ ਹਨ ਜਿਹੜਾ ਰਾਗ ਵਿਚ ਬਹੁਤ ਹੀ ਘੱਟ ਲਗਦਾ ਹੋਵੇ।

ਠਾਟ ਪੱਧਤੀ ਦਾ ਵਿਕਾਸ

ਸੰਨ ੧੩ ਤੋਂ ੧੮ ਈ: ਤਕ ਸੰਗੀਤ ਦਾ ਵਿਕਾਸ ਕਾਲ ਮੰਨਿਆ ਜਾਂਦਾ ਹੈ। ਲਗ-ਭਗ ਇਸੇ ਸਮੇਂ ਦਿੱਲੀ ਦੇ ਤਖ਼ਤ ਉਤੇ ਅਲਾਉੱਦੀਨ ਖਿਲਜੀ ਦਾ ਰਾਜ ਸੀ। ਉਸ ਦੇ ਦਰਬਾਰ ਵਿਚ ਹਜ਼ਰਤ ਅਮੀਰ ਖੁਸਰੋ ਨਾਮ ਦਾ ਇਕ ਪ੍ਰਸਿੱਧ ਗਾਇਕ ਰਾਜ-ਮੰਤ੍ਰੀ ਸੀ। ਆਖਦੇ ਨੇ ਇਹ ਬੜਾ ਚਤੁਰ ਕਵੀ ਤੇ ਸੰਗੀਤਕਾਰ ਸੀ। ਇਸ ਨੇ ਅਨੇਕ ਰਾਗ, ਸਾਜ਼ ਤੇ ਤਾਲਾਂ ਦੀ ਰਚਨਾ ਵੀ ਕੀਤੀ ਸੀ। ਸਭ ਤੋਂ ਪਹਿਲਾਂ ਇਸੇ ਨੇ ਹਿੰਦੁਸਤਾਨੀ ਗਾਇਕਾਂ ਨਾਲ ਮਿਲ ਕੇ ਸੰਗੀਤ ਦੀ ਇਕ ਨਵੀਂ ਪੱਧਤੀ ਕਾਇਮ ਕੀਤੀ, ਜਿਸ ਨੂੰ ਅਜ-ਕਲ "ਉੱਤ੍ਰੀ ਭਾਰਤੀ ਸੰਗੀਤ" ਆਖਦੇ ਹਨ। ੧੫ਵੀਂ ਸਦੀ ਵਿਚ ਲੋਚਨ ਕਵੀ ਨੇ "ਉੱਤ੍ਰੀ ਭਾਰਤੀ ਸੰਗੀਤ" ਪੱਧਤੀ ਤੇ ਇਕ ਪ੍ਰਸਿੱਧ ਗ੍ਰੰਥ 'ਰਾਗਤਰੰਗਿਣੀ' ਲਿਖਿਆ। ਇਸ ਵਿਚ ਉਸ ਨੇ ਰਾਗ-ਰਾਗਣੀ ਦੀ ਪਰੰਪਰਾ ਪੱਧਤੀ ਨੂੰ ਛੱਡ ਕੇ ਠਾਟ (ਮੇਲ) ਪੱਧਤੀ ਨੂੰ ਅਪਣਾਇਆ। ਸੰਸਕ੍ਰਿਤ ਵਿਚ ਠਾਟ ਨੂੰ ਮੇਲ ਕਹਿੰਦੇ ਹਨ। ਸੋ, ਉਸ ਨੇ ਰਾਗ-ਰਾਗਣੀ ਦੇ ਬਖੇੜੇ ਨੂੰ ਤਿਆਗ ਕੇ ਜਨਕ-ਜਨਜ ਰਾਗਾਂ ਨੂੰ ੧੨ ਜਨਕ ਮੇਲਾਂ (ਠਾਟਾਂ) ਵਿਚ ਵੰਡ ਦਿੱਤਾ। ਉਸ ਦਾ ਸ਼ੁੱਧ ਠਾਟ ਕਾਫੀ ਠਾਟ ਦੇ ਸਮਾਨ ਮੰਨਿਆ ਜਾਂਦਾ ਹੈ।

ਲੋਚਨ ਦੇ ਲਿਖੇ ੧੨ ਮੇਲ (ਠਾਟ) ਇੰਜ ਹਨ :—

੧. ਭੈਰਵੀ, ੨. ਟੋਡੀ, ੩. ਗਉੜੀ, ੪. ਕਰਨਾਟ, ੫. ਕੇਦਾਰ, ੬. ਏਮਾਨ, ੭. ਸਾਰੰਗ, ੮. ਮੇਘ, ੯. ਧਨਾਸਰੀ, ੧੦. ਪੂਰਵੀ, ੧੧. ਮੁਖਾਰੀ, ੧੨. ਦੀਪਕ।

ਇਨ੍ਹਾਂ ਜਨਕ ਠਾਟਾਂ ਤੋਂ ਉਤਪੰਨ ਹੋਏ ਲਗ-ਭਗ ੭੦ ਜਨਕ-ਜਨਜ ਰਾਗਾਂ ਦਾ ਵੇਰਵਾ ਭੀ ਉਸ ਨੇ ਦਿੱਤਾ ਹੈ।

ਲੋਚਨ ਤੋਂ ਬਾਦ ਕਾਫੀ ਸਮੇਂ ਤਕ ਠਾਟ ਪੱਧਤੀ ਵਿਚ ਕੋਈ ਵਿਸ਼ੇਸ਼ ਉੱਨਤੀ ਨਹੀਂ ਹੋਈ। ਹਾਂ, ਸੰਨ ੧੬੫੫ ਦੇ ਆਸ-ਪਾਸ ਸ੍ਰੀ ਹਿਰਦਯਨਾਰਾਇਣ ਦੇਵ ਨੇ 'ਹਿਰਦਯ ਕੌਤੁਕ' ਤੇ 'ਹਿਰਦਯ ਪ੍ਰਕਾਸ਼' ਦੋ ਗ੍ਰੰਥ ਲਿਖੇ ਹਨ। ਪਰ ਇਨ੍ਹਾਂ ਗ੍ਰੰਥਾਂ ਵਿਚ ਉਸ ਨੇ ਲੋਚਨ ਦੇ ਲਿਖੇ ਠਾਟਾਂ ਦੀ ਪੁਸ਼ਟੀ ਹੀ ਕੀਤੀ ਹੈ।

੧੭ਵੀਂ ਸਦੀ ਵਿਚ ਠਾਟ ਪੱਧਤੀ ਦਾ ਪ੍ਰਚਾਰ ਆਰੰਭ ਹੋ ਚੁਕਿਆ ਸੀ। ਇਸ ਗੱਲ ਦਾ ਪਤਾ ਅਸਾਂ ਨੂੰ ਸੰਗੀਤ ਪਾਰਿਜਾਤ ਅਤੇ ਰਾਗ ਵਿਬੋਧ ਆਦਿ ਗ੍ਰੰਥ ਤੋਂ ਲਗਦਾ ਹੈ। ਇਸੇ ਸਮੇਂ ਦੇ ਵਿਦਵਾਨ ਪੰ: ਸ੍ਰੀ ਨਿਵਾਸ ਨੇ ਮੇਲ ਪੱਧਤੀ ਦੀ ਵਿਆਖਿਆ ਕਰਦੇ ਹੋਏ ਲਿਖਿਆ ਹੈ ਕਿ ਰਾਗਾਂ ਦੀ ਉਤਪਤੀ ਠਾਟਾਂ ਤੋਂ ਹੀ ਹੁੰਦੀ ਹੈ। ਉਸ ਤੋਂ ਬਾਦ ਠਾਟ ਪੱਧਤੀ ਸੰਬੰਧੀ ਵਿਦਵਾਨਾਂ ਦੇ ਕਾਫੀ ਮਤ-ਭੇਦ ਰਹੇ। ਜਿਵੇਂ—ਰਾਗ ਵਿਬੋਧ ਦੇ ਕਰਤਾ ਨੇ ਠਾਟਾਂ ਦੀ ਗਿਣਤੀ ੨੩ ਬਤਾਈ, ਸ੍ਵਰ ਮੇਲ ਕਲਾਨਿਧੀ ਦੇ ਪੰ: ਨੇ ੨੦ ਦਸੇ ਅਤੇ ਚਤੁਰਦੰਡੀ ਪ੍ਰਕਾਸ਼ਿਕਾ ਨੇ ੧੯ ਠਾਟ ਮੰਨੇ ਹਨ।

ਦੱਖਣ ਦੇ ਵਿਦਵਾਨ ਪੰ: ਵਯੰਕਟਮਖੀ ਨੇ ਠਾਟਾਂ ਦੀ ਗਿਣਤੀ ਕਰਨ ਲਈ ਗਣਿਤ ਦਾ ਸਹਾਰਾ ਲਿਆ ਅਤੇ ਪੂਰਨ ਤੌਰ ਤੇ ਹਿਸਾਬ ਲਗਾਕੇ ਠਾਟਾਂ ਦੀ ਗਿਣਤੀ ਕੁਲ ੭੨ ਬਤਾਈ। ਪਰ ਕੰਮ ਚਲਾਉਣ ਲਈ ਉਸ ਨੇ ਇਨ੍ਹਾਂ ਵਿਚੋਂ ੧੯ ਠਾਟ ਚੁਣ ਲਏ। ਵਯੰਕਟਮਖੀ ਦੀ ਇਸ ਠਾਟ ਪੱਧਤੀ ਨੂੰ ਦੱਖਣ ਦੇ ਸੰਗੀਤਕਾਰਾਂ ਨੇ ਤਾਂ ਅਪਣਾ ਲਇਆ, ਪਰ ਉੱਤਰ ਭਾਰਤੀ ਸੰਗੀਤ ਵਿਦਵਾਨਾਂ ਤੇ ਇਸ ਦਾ ਖਾਸ ਪ੍ਰਭਾਵ ਨਾ ਪਇਆ। ਕਿਉਂਕਿ ਠਾਟਾਂ ਦੀ ਗਿਣਤੀ ਵਧੀਕ ਹੋਣ ਕਰਕੇ ਉੱਤਰ ਪੱਧਤੀ ਦੇ ਇਹ ਅਨਕੂਲ ਨਹੀਂ ਸੀ। ਉਂਜ ਇਸ ਨੂੰ ਉਹ ਸਹੀ ਮੰਨਦੇ ਹਨ। ਅਖੀਰ ਆਧੁਨਿਕ ਵਿਦਵਾਨ ਸੰਗੀਤਾਚਾਰੀਯ ਪੰ: ਵਿਸ਼ਨੂ ਨਾਰਾਇਣ ਭਾਤਖੰਡੇ ਨੇ ੭੨ ਮੇਲ (ਠਾਟਾਂ) ਵਿਚੋਂ ਕੇਵਲ ੧੦ ਠਾਟ ਚੁਣ ਕੇ ਨਵੇਂ ਸਿਰੋਂ ਰਾਗ-ਵਰਗ ਬਣਾਏ ਅਤੇ ਬਾਕੀ ਸਾਰੇ ਪਰਚਲਿਤ ਰਾਗਾਂ ਨੂੰ ਇਨ੍ਹਾਂ ਦੇ ਵਿਚ ਲੈ ਆਂਦਾ। ਇਸ ਤਰ੍ਹਾਂ ਲੋਚਨ ਕਵੀ ਤੋਂ ਸ਼ੁਰੂ ਹੋ ਕੇ ਇਹ ਠਾਟ ਪੱਧਤੀ ਸ੍ਰੀ ਭਾਤਖੰਡੇ ਦੇ ਸਮੇਂ ਵਿਗਿਆਨੀ ਰੂਪ ਵਿਚ ਕਾਇਮ ਹੋ ਗਈ।

੭੨ ਠਾਟ ਕਿਵੇਂ ਬਣਦੇ ਹਨ ?

ਇਕ ਸਪਤਕ ਵਿਚ ਸ਼ੁੱਧ ਤੇ ਵਿਕ੍ਰਤ (ਤੀਵਰ-ਕੋਮਲ) ਕੁਲ ੧੨ ਸੁਰ ਹੁੰਦੇ ਹਨ। ਜਿਵੇਂ :—

ਸ ਰੁ ਰ ਗੁ ਗ ਮ ਮੰ ਪ ਧੁ ਧ ਨੁ ਨ।

ਇਨ੍ਹਾਂ ੧੨ ਸੁਰਾਂ ਵਿਚੋਂ ਤੀਵਰ (ਮੰ) ਹਠਾ ਦਿਉ ਅਤੇ ਉਤੇ ਲਿਖੇ ਸਪਤਕ ਵਿਚ (ਸਂ) ਜੋੜ ਕੇ ਮੁੜ ੧੨ ਸੁਰ ਪੂਰੇ ਕਰ ਲਵੋ। ਅਗੋਂ ਇਨ੍ਹਾਂ ਸੁਰਾਂ ਦੇ ਦੋ ਭਾਗ ਕਰੋ। ਇੰਜ ਪਹਿਲੇ ੬ ਸੁਰਾਂ ਵਾਲੇ ਭਾਗ ਨੂੰ ਪੂਰਵਾਰਧ ਅਤੇ ਅਗਲੇ ੬ ਸੁਰਾਂ ਦੇ ਭਾਗ ਨੂੰ ਉੱਤ੍ਰਾਰਧ ਕਹਾਂਗੇ। ਜਿਵੇਂ :—

ਪੂਰਵਾਰਧ	ਉੱਤ੍ਰਾਰਧ
ਸ ਰੁ ਰ ਗੁ ਗ ਮ	ਪ ਧੁ ਧ ਨੁ ਨ ਸਂ

ਹੁਣ ਵੇਖਣਾ ਇਹ ਹੈ ਕਿ ਇਨ੍ਹਾਂ ੬ ਸੁਰਾਂ ਨੂੰ ਅਦਲ-ਬਦਲ ਕਰਨ ਨਾਲ ਚਾਰ-ਚਾਰ ਸੁਰਾਂ ਵਾਲੇ ਕਿੰਨੇ ਠਾਟ ਬਣ ਸਕਦੇ ਹਨ :—

ਪੂਰਵਾਰਧ					ਉੱਤ੍ਰਾਰਧ				
੧.	ਸ	ਰੁ	ਰ	ਮ	੧.	ਪ	ਧੁ	ਧ	ਸਂ
੨.	ਸ	ਰੁ	ਗੁ	ਮ	੨.	ਪ	ਧੁ	ਨੁ	ਸਂ
੩.	ਸ	ਰੁ	ਗ	ਮ	੩.	ਪ	ਧੁ	ਨ	ਸਂ
੪.	ਸ	ਰ	ਗੁ	ਮ	੪.	ਪ	ਧ	ਨੁ	ਸਂ
੫.	ਸ	ਰ	ਗ	ਮ	੫.	ਪ	ਧ	ਨ	ਸਂ
੬.	ਸ	ਗੁ	ਗ	ਮ	੬.	ਪ	ਨੁ	ਨ	ਸਂ

ਉਤੇ ਲਿਖੇ ਪ੍ਰਕਾਰਾਂ ਤੋਂ ਅਲਾਵਾ ਹੋਰ ਕੋਈ ਨਵੇਂ ਪ੍ਰਕਾਰ ਦਾ ਠਾਟ ਇਨ੍ਹਾਂ ਸੁਰਾਂ ਤੋਂ ਨਹੀਂ ਬਣ ਸਕਦਾ। ਹੁਣ ਇਨ੍ਹਾਂ ਦੋਹਾਂ ਨੂੰ ਜੇ ਆਪਸ ਵਿਚ ਮਿਲਾਇਆ ਜਾਵੇ ਤਾਂ ੬×੬=੩੬ ਠਾਟ ਹੇਠਾਂ ਲਿਖੇ ਅਨੁਸਾਰ ਬਣ ਜਾਣਗੇ :—

੩੬ ਠਾਟਾਂ ਦਾ ਵੇਰਵਾ

(੧)

੧.	ਸ	ਰੁ	ਰ	ਮ	ਪ	ਧੁ	ਧ	ਸਂ
੨.	ਸ	ਰੁ	ਰ	ਮ	ਪ	ਧੁ	ਨੁ	ਸਂ
੩.	ਸ	ਰੁ	ਰ	ਮ	ਪ	ਧੁ	ਨ	ਸਂ
੪.	ਸ	ਰੁ	ਰ	ਮ	ਪ	ਧ	ਨੁ	ਸਂ
੫.	ਸ	ਰੁ	ਰ	ਮ	ਪ	ਧ	ਨ	ਸਂ
੬.	ਸ	ਰੁ	ਰ	ਮ	ਪ	ਨੁ	ਨ	ਸਂ

(੨)

੭.	ਸ	ਰੁ	ਗੁ	ਮ	ਪ	ਧੁ	ਧ	ਸਂ
੮.	ਸ	ਰ	ਗੁ	ਮ	ਪ	ਧੁ	ਨੁ	ਸਂ
੯.	ਸ	ਰੁ	ਗੁ	ਮ	ਪ	ਧੁ	ਨ	ਸਂ
੧੦.	ਸ	ਰੁ	ਗੁ	ਮ	ਪ	ਧ	ਨੁ	ਸਂ
੧੧.	ਸ	ਰੁ	ਗੁ	ਮ	ਪ	ਧ	ਨ	ਸਂ
੧੨.	ਸ	ਰੁ	ਗੁ	ਮ	ਪ	ਨੁ	ਨ	ਸਂ

(੩)

੧੩.	ਸ	ਰੁ	ਗ	ਮ	ਪ	ਧੁ	ਧ	ਸਂ
੧੪.	ਸ	ਰੁ	ਗ	ਮ	ਪ	ਧੁ	ਨੁ	ਸਂ
੧੫.	ਸ	ਰੁ	ਗ	ਮ	ਪ	ਧੁ	ਨ	ਸਂ
੧੬.	ਸ	ਰੁ	ਗ	ਮ	ਪ	ਧ	ਨੁ	ਸਂ
੧੭.	ਸ	ਰੁ	ਗ	ਮ	ਪ	ਧ	ਨ	ਸਂ
੧੮.	ਸ	ਰੁ	ਗ	ਮ	ਪ	ਨੁ	ਨ	ਸਂ

(੪)

੧੯.	ਸ	ਰ	ਗੁ	ਮ	ਪ	ਧੁ	ਧ	ਸਂ
੨੦.	ਸ	ਰ	ਗੁ	ਮ	ਪ	ਧੁ	ਨੁ	ਸਂ
੨੧.	ਸ	ਰ	ਗੁ	ਮ	ਪ	ਧੁ	ਨ	ਸਂ
੨੨.	ਸ	ਰ	ਗੁ	ਮ	ਪ	ਧ	ਨੁ	ਸਂ
੨੩.	ਸ	ਰ	ਗੁ	ਮ	ਪ	ਧ	ਨ	ਸਂ
੨੪.	ਸ	ਰ	ਗੁ	ਮ	ਪ	ਨੁ	ਨ	ਸਂ

(੫)

੨੫.	ਸ	ਰ	ਗ	ਮ	ਪ	ਧੁ	ਧ	ਸਂ
੨੬.	ਸ	ਰ	ਗ	ਮ	ਪ	ਧੁ	ਨੁ	ਸਂ
੨੭.	ਸ	ਰ	ਗ	ਮ	ਪ	ਧੁ	ਨ	ਸਂ
੨੮.	ਸ	ਰ	ਗ	ਮ	ਪ	ਧ	ਨੁ	ਸਂ
੨੯.	ਸ	ਰ	ਗ	ਮ	ਪ	ਧ	ਨ	ਸਂ
੩੦.	ਸ	ਰ	ਗ	ਮ	ਪ	ਨੁ	ਨ	ਸਂ

(੬)

੩੧.	ਸ	ਗੁ	ਗ	ਮ	ਪ	ਧੁ	ਧ	ਸਂ
੩੨.	ਸ	ਗੁ	ਗ	ਮ	ਪ	ਧੁ	ਨੁ	ਸਂ
੩੩.	ਸ	ਗੁ	ਗ	ਮ	ਪ	ਧੁ	ਨ	ਸਂ
੩੪.	ਸ	ਗੁ	ਗ	ਮ	ਪ	ਧ	ਨੁ	ਸਂ
੩੫.	ਸ	ਗੁ	ਗ	ਮ	ਪ	ਧ	ਨ	ਸਂ
੩੬.	ਸ	ਗੁ	ਗ	ਮ	ਪ	ਨੁ	ਨ	ਸਂ

ਉਪ੍ਰੋਕਤ ਲਿਖੇ ੩੬ ਠਾਟਾਂ ਵਿਚ ਕੇਵਲ ਸ਼ੁੱਧ ਮੱਧਮ ਹੀ ਲਇਆ ਹੈ। ਬਾਕੀ ੩੬ ਠਾਟ ਭੀ ਇਸੇ ਤਰ੍ਹਾਂ ਬਣਨਗੇ। ਫਰਕ ਕੇਵਲ ਇਹ ਹੋਵੇਗਾ ਕਿ ਸ਼ੁੱਧ ਮੱਧਮ ਦੀ ਥਾਂ ਤੀਵਰ ਮੱਧਮ ਲਗਾਉਣਾ ਹੋਵੇਗਾ। ਇੰਜ ਇਨ੍ਹਾਂ ਦੋਹਾਂ ਮੱਧਮਾਂ ਤੋਂ ੩੬×੨=੭੨ ਮੇਲ (ਠਾਟ) ਉਤਪੰਨ ਹੋਣਗੇ। ਉਤੇ ਲਿਖੇ ਅਨੁਸਾਰ ੭੨ ਪ੍ਰਕਾਰਾਂ ਤੋਂ ਇਲਾਵਾ ਹੋਰ ਕੋਈ ਪ੍ਰਕਾਰ ਇਨ੍ਹਾਂ ਸੁਰਾਂ ਤੋਂ ਨਹੀਂ ਬਣ ਸਕਦਾ।

ਨੋਟ :—ਇਥੇ ਸੁਰਾਂ ਦੀ ਬਣਤਰ ਨੂੰ ਵੇਖਣ ਤੋਂ ਸ਼ੰਕਾ ਉਤਪੰਨ ਹੋ ਸਕਦੀ ਹੈ ਕਿ ਜਦੋਂ ਠਾਟ ਹਮੇਸ਼ਾਂ ਸੰਪੂਰਣ ਹੀ ਹੁੰਦਾ ਹੈ ਅਤੇ ਉਸ ਵਿਚ ਸਤ ਸੁਰ ਭੀ ਨੰਬਰਵਾਰ ਆਉਣੇ ਚਾਹੀਦੇ ਹਨ ਤਾਂ, ਕੀ ਕਾਰਣ ਹੈ ਕਿ ਠਾਟ ਨੰ: ੧ ਵਿਚ 'ਗਾ–ਨੀ ਵਰਜਿਤ ਹੋ ਗਏ ਅਤੇ ਠਾਟ ਨੰ: ੩੧ ਵਿਚ 'ਰੇ–ਨੀ' ਵਰਜਿਤ ਹੋ ਗਏ ਹਨ। ਇੰਜ ਹੋਰ ਵੀ ਕਈ ਠਾਟਾਂ ਵਿਚ 'ਰੇ–ਗਾ' ਵਰਜਿਤ ਨਜ਼ਰ ਆਉਂਦੇ ਹਨ? ਇਸ ਦਾ ਉੱਤਰ ਇਹੋ ਹੈ ਕਿ ਪੰ: ਵਯੰਕਟਮਖੀ ਦੇ ਬਾਰਾਂ ਸੁਰ ਸਾਡੇ ਪਰਚਲਿਤ ੧੨ ਸੁਰਾਂ ਦੇ ਸਮਾਨ ਨਹੀਂ ਸਨ। ਕਰਨਾਟਕੀ ਸੰਗੀਤ ਵਿਚ ਸੁਰਾਂ ਦੇ ਨਾਮ ਹੋਰ ਤਰ੍ਹਾਂ ਲਏ ਜਾਂਦੇ ਹਨ।

ਉੱਤਰ ਸੰਗੀਤ ਪੱਧਤੀ ਦੇ ੧੨ ਸੁਰਾਂ ਤੋਂ ੩੨ ਠਾਟ

ਅਸਾਂ ਪਿਛੇ ਦੱਸ ਦਿੱਤਾ ਹੈ ਕਿ ਪੰ: ਵਯੰਕਟਮਖੀ ਦੇ ਸੁਰ ਸਾਡੇ ਸੁਰਾਂ ਦੇ ਸਮਾਨ ਨਹੀਂ ਸਨ। ਉਸ ਨੇ ਆਪਣੇ ਹੀ ਸੁਰਾਂ ਦੇ ਹਿਸਾਬ ਨਾਲ ੭੨ ਠਾਟ ਬਣਾਏ ਸੀ। ਪਰ ਜੇ ਅਸੀਂ ਆਪਣੀ ਉੱਤਰੀ ਭਾਰਤੀ ਸੰਗੀਤ-ਪੱਧਤੀ ਦੇ ੧੨ ਸੁਰਾਂ ਤੋਂ ਠਾਟ ਰਚਨਾ ਕਰੀਏ ਤਾਂ ਸਾਡੇ ਕੇਵਲ ੩੨ ਠਾਟ ਬਣਦੇ ਹਨ। ਉਹ ੩੨ ਠਾਟ ਕਿਵੇਂ ਬਣਦੇ ਹਨ ?

ਸਪਤਕ ਦੇ ਦੋ ਭਾਗ ਪਹਿਲੇ ਦੀ ਤਰ੍ਹਾਂ ਕਰ ਲਵੋ :—

ਪੂਰਵਾਂਗ ਭਾਗ					ਉੱਤ੍ਰਾਂਗ ਭਾਗ				
੧.	ਸ	ਰ̲	ਗ̲	ਮ	੧.	ਪ	ਧ̲	ਨ̲	ਸਂ
੨.	ਸ	ਰ̲	ਗ	ਮ	੨.	ਪ	ਧ̲	ਨ	ਸਂ
੩.	ਸ	ਰ	ਗ̲	ਮ	੩.	ਪ	ਧ	ਨ̲	ਸਂ
੪.	ਸ	ਰ	ਗ	ਮ	੪.	ਪ	ਧ	ਨ	ਸਂ

ਇੰਜ ਚਾਰ-ਚਾਰ ਸੁਰਾਂ ਦੇ ੮ ਠਾਟ ਬਨਾਉਣ ਤੋਂ ਬਾਦ ਇਨ੍ਹਾਂ ਨੂੰ ਮਿਲਾਓ ਤਾਂ ੪×੪=੧੬ ਠਾਟ ਇਸ ਪ੍ਰਕਾਰ ਬਣਨਗੇ :—

ਸ਼ੁੱਧ ਮੱਧਮ ਵਾਲੇ ੧੬ ਠਾਟ

*੧.	ਸ	ਰ̲	ਗ̲	ਮ	ਪ	ਧ̲	ਨ̲	ਸਂ	*੯.	ਸ	ਰ	ਗ̲	ਮ	ਪ	ਧ̲	ਨ̲	ਸਂ
੨.	ਸ	ਰ̲	ਗ̲	ਮ	ਪ	ਧ̲	ਨ	ਸਂ	੧੦.	ਸ	ਰ	ਗ̲	ਮ	ਪ	ਧ̲	ਨ	ਸਂ
੩.	ਸ	ਰ̲	ਗ̲	ਮ	ਪ	ਧ	ਨ̲	ਸਂ	*੧੧.	ਸ	ਰ	ਗ̲	ਮ	ਪ	ਧ	ਨ̲	ਸਂ
੪.	ਸ	ਰ̲	ਗ̲	ਮ	ਪ	ਧ	ਨ	ਸਂ	੧੨.	ਸ	ਰ	ਗ̲	ਮ	ਪ	ਧ	ਨ	ਸਂ
੫.	ਸ	ਰ̲	ਗ	ਮ	ਪ	ਧ̲	ਨ̲	ਸਂ	੧੩.	ਸ	ਰ	ਗ	ਮ	ਪ	ਧ̲	ਨ̲	ਸਂ
*੬.	ਸ	ਰ̲	ਗ	ਮ	ਪ	ਧ̲	ਨ	ਸਂ	੧੪.	ਸ	ਰ	ਗ	ਮ	ਪ	ਧ̲	ਨ	ਸਂ
੭.	ਸ	ਰ̲	ਗ	ਮ	ਪ	ਧ	ਨ̲	ਸਂ	*੧੫.	ਸ	ਰ	ਗ	ਮ	ਪ	ਧ	ਨ̲	ਸਂ
੮.	ਸ	ਰ̲	ਗ	ਮ	ਪ	ਧ	ਨ	ਸਂ	*੧੬.	ਸ	ਰ	ਗ	ਮ	ਪ	ਧ	ਨ	ਸਂ

ਤੀਵਰ ਮੱਧਮ ਵਾਲੇ ੧੬ ਠਾਟ

੧.	ਸ	ਰ̲	ਗ̲	ਮ'	ਪ	ਧ̲	ਨ̲	ਸਂ	੯.	ਸ	ਰ	ਗ̲	ਮ'	ਪ	ਧ̲	ਨ̲	ਸਂ
*੨.	ਸ	ਰ̲	ਗ̲	ਮ'	ਪ	ਧ̲	ਨ	ਸਂ	੧੦.	ਸ	ਰ	ਗ̲	ਮ'	ਪ	ਧ̲	ਨ	ਸਂ
੩.	ਸ	ਰ̲	ਗ̲	ਮ'	ਪ	ਧ	ਨ̲	ਸਂ	੧੧.	ਸ	ਰ	ਗ̲	ਮ'	ਪ	ਧ	ਨ̲	ਸਂ
੪.	ਸ	ਰ̲	ਗ̲	ਮ'	ਪ	ਧ	ਨ	ਸਂ	੧੨.	ਸ	ਰ	ਗ̲	ਮ'	ਪ	ਧ	ਨ	ਸਂ
੫.	ਸ	ਰ̲	ਗ	ਮ'	ਪ	ਧ̲	ਨ̲	ਸਂ	੧੩.	ਸ	ਰ	ਗ	ਮ'	ਪ	ਧ̲	ਨ̲	ਸਂ
*੬.	ਸ	ਰ̲	ਗ	ਮ'	ਪ	ਧ̲	ਨ	ਸਂ	੧੪.	ਸ	ਰ	ਗ	ਮ'	ਪ	ਧ̲	ਨ	ਸਂ
੭.	ਸ	ਰ̲	ਗ	ਮ'	ਪ	ਧ	ਨ̲	ਸਂ	੧੫.	ਸ	ਰ	ਗ	ਮ'	ਪ	ਧ	ਨ̲	ਸਂ
*੮.	ਸ	ਰ̲	ਗ	ਮ'	ਪ	ਧ	ਨ	ਸਂ	*੧੬.	ਸ	ਰ	ਗ	ਮ'	ਪ	ਧ	ਨ	ਸਂ

ਇੰਜ ੧੬ ਠਾਟ ਸ਼ੁੱਧ ਮੱਧਮ ਵਾਲੇ ਅਤੇ ੧੬ ਠਾਟ ਤੀਵਰ ਮੱਧਮ ਵਾਲੇ ਮਿਲ ਕੇ ੧੬×੨ =੩੨ ਠਾਟ ਉੱਤ੍ਰੀ ਸੰਗੀਤ ਪੱਧਤੀ ਤੋਂ ਬਣ ਸਕਦੇ ਹਨ। ਇਨ੍ਹਾਂ ਵਿਚ ਨੰਬਰਵਾਰ ਸਤ ਸੁਰ ਵੀ ਆ ਗਏ ਅਤੇ ਕੋਈ ਸੁਰ ਵਰਜਿਤ ਭੀ ਨਹੀਂ ਹੋਇਆ। ਮੌਜੂਦਾ ਸਮੇਂ ਦੇ ਪਰਚਲਿਤ ੧੦ ਠਾਟ ਇਨ੍ਹਾਂ ੩੨ ਠਾਟਾਂ ਵਿਚੋਂ ਹੀ ਲਏ ਗਏ ਹਨ।

*ਫੂਲ ਦੇ ਨਿਸ਼ਾਨ ਵਾਲੇ ਆਧੁਨਿਕ ੧੦ ਠਾਟ ਹਨ।

ਗਣਿਤ ਦੇ ਅਨੁਸਾਰ ਇਕ ਠਾਟ ਤੋਂ ੪੮੪ ਰਾਗਾਂ ਦੀ ਉਤਪਤੀ

ਇਹ ਤਾਂ ਪਤਾ ਹੀ ਹੈ ਕਿ ਨਾਦ ਤੋਂ ਸ਼ੁਰਤੀ, ਸ਼ੁਰਤੀ ਤੋਂ ਸੁਰ, ਸੁਰ ਤੋਂ ਸਪਤਕ ਅਤੇ ਸਪਤਕ ਦੇ ਸ਼ੁੱਧ ਵਿਕ੍ਰਤ ੧੨ ਸੁਰਾਂ ਤੋਂ ਗਣਿਤ ਅਨੁਸਾਰ ੭੨ ਠਾਟਾਂ ਦੀ ਉਤਪਤੀ ਹੁੰਦੀ ਹੈ। ਹੁਣ ਸਮਝਣਾ ਇਹ ਹੈ ਕਿ ਇਨ੍ਹਾਂ ੭੨ ਠਾਟਾਂ ਵਿਚੋਂ ਇਕ ਜਾਤੀ ਦੇ ਕੁਲ ਕਿੰਨੇ ਰਾਗ ਉਤਪੰਨ ਹੋ ਸਕਦੇ ਹਨ।

ਸੰਗੀਤ-ਸ਼ਾਸਤ੍ਰ ਦੇ ਵਿਦਵਾਨ ਪੰਡਿਤਾਂ ਨੇ ਰਾਗਾਂ ਦੀਆਂ ਨੌਂ ਜਾਤੀਆਂ ਮੰਨੀਆਂ ਹਨ :—

(੧) ਸੰਪੂਰਣ-ਸੰਪੂਰਣ, (੨) ਸੰਪੂਰਣ-ਖਾੜਵ, (੩) ਸੰਪੂਰਣ-ਓਡਵ, (੪) ਖਾਡਵ-ਸੰਪੂਰਣ, (੫) ਖਾਡਵ-ਖਾਡਵ, (੬) ਖਾਡਵ-ਓਡਵ, (੭) ਓਡਵ-ਸੰਪੂਰਣ, (੮) ਓਡਵ-ਖਾਡਵ, (੯) ਓਡਵ-ਓਡਵ।

ਇੰਜ ਹਰ ਇਕ ਠਾਟ ਤੋਂ ਉਤਪੰਨ ਹੋਏ ਰਾਗਾਂ ਦੀਆਂ ਕੁਲ ਨੌਂ ਜਾਤੀਆਂ ਹੁੰਦੀਆਂ ਹਨ। ਇਨ੍ਹਾਂ ਨੌਂ ਜਾਤੀਆਂ ਵਿਚੋਂ ਹਰੇਕ ਜਾਤੀ ਤੋਂ ਕਿੰਨੇ ਰਾਗ ਉਤਪੰਨ ਹੋ ਸਕਦੇ ਹਨ ਅਤੇ ਉਨ੍ਹਾਂ ਨੌਂ ਜਾਤੀਆਂ ਰਾਹੀਂ ਸਾਰੇ ੭੨ ਠਾਟਾਂ ਨੂੰ ਮਿਲਾ ਕੇ ਕੁਲ ਕਿੰਨੇ ਰਾਗ ਬਣ ਸਕਦੇ ਹਨ, ਇਹ ਪਤਾ ਕਰਨ ਲਈ ਅਸੀਂ ਬਿਲਾਵਲ ਠਾਟ ਦੀਆਂ ਨੌਂ ਜਾਤੀਆਂ ਤੋਂ ਕਿੰਨੇ ਰਾਗ ਉਤਪੰਨ ਹੁੰਦੇ ਹਨ, ਉਨ੍ਹਾਂ ਦਾ ਅਤੀ ਸੰਖੇਪ ਵਿਚ ਵਰਣਨ ਕਰਦੇ ਹਾਂ :—

੧.	ਸੰਪੂਰਣ-ਸੰਪੂਰਣ	੧ ਰਾਗ
੨.	ਸੰਪੂਰਣ-ਖਾਡਵ	੬ ਰਾਗ
੩.	ਸੰਪੂਰਣ-ਓਡਵ	੧੬ ਰਾਗ
੪.	ਖਾਂਡਵ-ਸੰਪੂਰਣ	੬ ਰਾਗ
੫.	ਖਾਡਵ-ਖਾਡਵ	੩੬ ਰਾਗ
੬.	ਖਾਡਵ-ਓਡਵ	੯੦ ਰਾਗ
੭.	ਓਡਵ-ਸੰਪੂਰਣ	੧੫ ਰਾਗ
੮.	ਓਡਵ-ਖਾਡਵ	੯੦ ਰਾਗ
੯.	ਓਂਡਵ-ਓਡਵ	੨੨੫ ਰਾਗ
	ਕੁਲ	੪੮੪ ਰਾਗ

ਇੰਜ ਗਣਿਤ ਅਨੁਸਾਰ ਜੇ ਇਕ ਰਾਗ ਤੋਂ ੪੮੪ ਪ੍ਰਕਾਰ ਦੇ ਰਾਗ ਉਤਪੰਨ ਹੋ ਸਕਦੇ ਹਨ ਤਾਂ, ੭੨ ਠਾਟਾਂ ਤੋਂ ੪੮੪×੭੨—੩੪੮੪੮ ਰਾਗ ਬਣਨਗੇ। ਇਹ ਰਾਗ-ਸੰਖਿਆ ਕੇਵਲ ਆਰੋਹ-ਅਵਰੋਹ ਤੋਂ ਗਣਿਤ ਅਨੁਸਾਰ ਹੀ ਹੋਈ ਹੈ। ਉੱਤ੍ਰੀ ਭਾਰਤੀ ਸੰਗੀਤ ਪੱਧਤੀ ਵਿਚ ਰਾਗਾਂ ਦੀ ਉਤਪਤੀ ਦੇ ਕੁਝ ਹੋਰ ਵੀ ਨੀਅਮ ਹਨ ਜੋ ਕੇਵਲ ਵਾਦੀ ਸੁਰ ਬਦਲਣ ਨਾਲ ਉਤਪੰਨ ਹੋ ਸਕਦੇ ਹਨ। ਭਾਵ, ਕਿਸੇ ਰਾਗ ਦੇ ਸੁਰਾਂ ਵਿਚੋਂ ਇਕ ਦੂਜਾ ਰਾਗ ਸਿਰਫ ਵਾਦੀ ਸੁਰ ਨੂੰ ਤਬਦੀਲ ਕਰਨ ਨਾਲ ਬਣ ਸਕਦਾ ਹੈ। ਜਿਵੇਂ 'ਭੁਪਾਲੀ' ਦਾ ਵਾਦੀ-ਸੁਰ ਗੰਧਾਰ ਹੈ, ਜੇ ਗੰਧਾਰ ਦੀ ਥਾਂ ਵਾਦੀ ਧੈਵਤ ਹੋਵੇ ਤਾਂ 'ਦੇਸਕਾਰ' ਰਾਗ ਹੋ ਜਾਵੇਗਾ। ਇਸ ਤੋਂ ਇਲਾਵਾ 'ਭੀਮਪਲਾਸੀ' ਦਾ ਵਾਦੀ ਸੁਰ ਮੱਧਮ ਹੈ, ਜੇ ਮੱਧਮ ਦੀ ਥਾਂ ਪੰਚਮ ਕਰ ਦਿਉ ਤਾਂ ਇਹ 'ਧਨਾਸਰੀ' ਰਾਗ ਮੰਨਿਆ ਜਾਏਗਾ।

ਇਸ ਲਈ ਜਿਥੋਂ ਤਕ ਗਣਿਤ ਦਾ ਸੰਬੰਧ ਹੈ ਰਾਗਾਂ ਦੀ ਸੰਖਿਆ (੩੪੮੪੮) ਠੀਕ ਹੈ। ਪਰ ਜਿਥੋਂ ਤਕ ਰਾਗ ਦੇ ਨੀਅਮ, ਲੱਛਣ ਜਾਂ ਰਾਗ ਦੀ ਪਰੀਭਾਸ਼ਾ ਦਾ ਸੰਬੰਧ ਹੈ, ਇਹ ਰਾਗ ਸੰਖਿਆ ਬਹੁਤ ਘਟ ਹੋਵੇਗੀ। ਕਿਉਂਕਿ ਰਾਗਾਂ ਦਾ ਇਕ ਮੁੱਖ ਨੀਅਮ ਇਹ ਭੀ ਹੈ ਕਿ ਉਸ ਵਿਚ ਰੰਜਕਤਾ ਜ਼ਰੂਰ ਹੋਣੀ ਚਾਹੀਦੀ ਹੈ, ਜੇਕਰ ਰਾਗ ਵਿਚ ਰੰਜਕਤਾ ਨਾ ਹੋਈ ਤਾਂ ਉਸ ਨੂੰ ਰਾਗ ਨਹੀਂ ਕਿਹਾ ਜਾ ਸਕਦਾ। ਨਾਲੇ ਰਾਗ ਦੇ ਨੀਅਮ ਅਨੁਸਾਰ 'ਮਾ ਤੇ ਪਾ' ਦੋਵੇਂ ਸੁਰ ਇਕੋ ਸਮੇਂ ਵਰਜਿਤ ਨਹੀਂ ਹੋ ਸਕਦੇ, ਇਹ ਨੀਅਮ ਰੰਜਕਤਾ ਦੀ ਹੀ ਦ੍ਰਿਸ਼ਟੀ ਤੋਂ ਬਣਿਆ ਹੈ। ਜਿਵੇਂ :—ਸਾ ਰੇ ਗਾ × × ਧਾ ਨੀ–ਨੀ ਧ × × ਗਾ ਰੇ ਸਾ। ਇਸ ਨੂੰ ਮੇਲ ਜਾਂ ਰਾਗ ਨਹੀਂ ਕਹਿ ਸਕਦੇ। ਕਿਉਂਕਿ ਇਸ ਵਿਚ 'ਮਾ–ਪਾ' ਦੋਵੇਂ ਸੁਰ ਵਰਜਿਤ ਹਨ। ਇਸੇ ਤਰ੍ਹਾਂ ਰਾਗ ਦੇ ਹੋਰ ਵੀ ਕਈ ਨੀਅਮ ਹਨ, ਜਿਸ ਕਰਕੇ ਗਣਿਤ ਅਨੁਸਾਰ ਲਿਖੇ ਰਾਗਾਂ ਨੂੰ ਗਾਇਆ–ਬਜਾਇਆ ਨਹੀਂ ਜਾ ਸਕਦਾ।

ਉੱਤ੍ਰੀ ਭਾਰਤੀ ਸੰਗੀਤ ਪੱਧਤੀ ਵਿਚ ਜਿਹੜੇ ਰਾਗ ਪਰਚਲਿਤ ਹਨ ਉਨ੍ਹਾਂ ਦੀ ਕੁਲ ਸੰਖਿਆ ੨੨੫ ਤੋਂ ਵੱਧ ਨਹੀਂ। ਉਨ੍ਹਾਂ ਵਿਚੋਂ ਭੀ ਲਗ–ਭਗ ਸੌ ਡੂਢ ਸੌ ਰਾਗ ਹੀ ਇਹੋ ਜਿਹੇ ਹਨ ਜਿਨ੍ਹਾਂ ਨੂੰ ਸੰਗੀਤ ਵਿਦਵਾਨ ਜਾਂ ਖਾਨਦਾਨੀ ਗਾਇਕ ਹੀ ਗਾਉਂਦੇ ਹਨ। ਬਾਕੀ ਆਮ ਗਾਇਕ–ਵਾਦਿਕ ਤਾਂ ੭੦–੮੦ ਰਾਗ ਹੀ ਗਾ–ਬਜਾ ਸਕਦੇ ਹਨ। ਇਸ ਤੋਂ ਵਧ ਰਾਗਾਂ ਦੀ ਜਾਣਕਾਰੀ ਭਾਵੇਂ ਹੋਵੇ, ਪਰ ਗਾਉਣਾ–ਬਜਾਉਣਾ ਉਨ੍ਹਾਂ ਲਈ ਔਖਾ ਹੈ।

੧੨ ਸੁਰਾਂ ਦੀ ਆਧੁਨਿਕ ਠਾਟ ਪੱਧਤੀ ਤੇ ਵੀਚਾਰ

ਮੌਜੂਦਾ ਸਮੇਂ ਵਿਚ ਜਿਹੜੀ ਠਾਟ ਪੱਧਤੀ ਪਰਚਲਿਤ ਹੈ, ਉਸ ਸੰਬੰਧੀ ਸੰਗੀਤ ਸ਼ਾਸਤ੍ਰਕਾਰਾਂ ਦੇ ਮਤ–ਭੇਦ ਹਨ। ਕੁਝ ਸੰਗੀਤ ਵਿਦਵਾਨ ਆਖਦੇ ਹਨ ਕਿ ੧੨ ਸੁਰਾਂ ਦੀ ਇਸ ਪਰਚਲਿਤ ਠਾਟ ਪੱਧਤੀ ਨੇ ਪ੍ਰਾਚੀਨ ਰਿਸ਼ੀਆਂ ਦੀ ਅਤੀ ਉੱਤਮ ਤੇ ਸ਼ੁੱਧ ਮੂਰਛਨਾ ਪੱਧਤੀ ਨੂੰ ਨਸ਼ਟ ਕਰ ਦਿਤਾ ਹੈ। ਕਈ ਕਹਿੰਦੇ ਹਨ ਕਿ ਆਧੁਨਿਕ ਠਾਟ ਪੱਧਤੀ ਪ੍ਰਾਚੀਨ ਮੂਰਛਨਾ ਪੱਧਤੀ ਦਾ ਹੀ ਇਕ ਬਦਲਿਆ ਹੋਇਆ ਰੂਪ ਹੈ। ਜਿਵੇਂ ਸਮੇਂ ਦੇ ਪਰਿਵਰਤਨ ਨਾਲ ਸਾਡੀ ਬੋਲ–ਚਾਲ, ਵੇਸ਼–ਭੂਸ਼ਾ, ਰਹਿਣ–ਸਹਿਣ ਆਦਿ ਤਬਦੀਲ ਹੋ ਜਾਂਦੇ ਹਨ। ਤਿਵੇਂ ਸੰਗੀਤ ਸ਼ਾਸਤ੍ਰ ਵਿਚ ਭੀ ਸਹਿਜੇ–ਸਹਿਜੇ ਪਰਿਵਰਤਨ ਹੁੰਦਾ ਰਿਹਾ ਹੈ ਅਤੇ ਆਧੁਨਿਕ ਸੰਗੀਤ ਉਸੇ ਦਾ ਬਦਲਿਆ ਹੋਇਆ ਰੂਪ ਸਾਡੇ ਪਾਸ ਹੈ, ਜਿਸ ਨੂੰ ਸੰਗੀਤ–ਵਿਦਵਾਨਾਂ ਨੇ ਠਾਟ ਪੱਧਤੀ (ਰਾਗ–ਵਰਗ) ਦਾ ਇਕ ਨਵਾਂ ਰੂਪ ਦਿਤਾ ਹੈ। ਖੈਰ ! ਅਸੀਂ ਪਹਿਲਾਂ ਕੁਝ ਸੰਗੀਤ ਵਿਦਵਾਨਾਂ ਦੇ ਲਿਖੇ ਖਿਆਲਾਂ ਨੂੰ ਪੇਸ਼ ਕਰਦੇ ਹਾਂ :—

੧੨ ਸੁਰਾਂ ਦੀ ਆਧੁਨਿਕ ਠਾਟ ਸੰਗੀਤ ਪੱਧਤੀ ਨੂੰ ਅਸ਼ੁੱਧ ਤੇ ਬੇਸੁਰੀ ਕਹਿਣ ਵਾਲੇ ਪਹਿਲੇ ਵਿਦਵਾਨ ਸਨ, ਸੰਗੀਤਾਚਾਰੀਯ ਪੰ: ਫਿਰੋਜ਼ ਫਰਾਮ ਜੀ (ਪੂਨਾ) ਵਾਲੇ। ਆਪ ਜੀ ਦੇ ਲਿਖੇ (ਸ਼ੁਰਤੀ–ਸੂਰ ਸ਼ਿਖਸ਼ਾ) ਭਾਵ—'ਪ੍ਰਾਚੀਨ ਮੂਰਛਨਾ' ਅਤੇ 'ਆਧੁਨਿਕ ਸ਼ਾਸਤ੍ਰੀਯ ਠਾਟ–ਪੱਧਤੀ' ਇਹ ਦੋਵੇਂ ਗ੍ਰੰਥ ਸੰਨ ੧੯੩੭ ਵਿਚ ਪ੍ਰਕਾਸ਼ਤ ਹੋਏ ਸਨ। ਇਨ੍ਹਾਂ ਸੰਗੀਤ ਸ਼ਾਸਤ੍ਰਾਂ ਵਿਚ ਬੜੇ ਵਿਸਥਾਰ ਨਾਲ ਲਿਖਿਆ ਹੈ ਕਿ ਆਧੁਨਿਕ ਸੰਗੀਤ ਵਿਦਵਾਨਾਂ ਨੇ ਆਪਣੀ ੧੨ ਸੁਰਾਂ ਦੀ ਅਸ਼ੁੱਧ ਤੇ ਬੇਸੁਰੀ ਠਾਟ ਪੱਧਤੀ ਨੂੰ ਪਰਚਲਿਤ ਕਰਕੇ ਪ੍ਰਾਚੀਨ ਮੂਰਨਾ ਪੱਧਤੀ ਨੂੰ ਨਸ਼ਟ ਕਰ ਦਿੱਤਾ ਹੈ। ਇਨ੍ਹਾਂ ਸੰਗੀਤਾਂ ਵਿਚ ਹੀ ਆਪ ਜੀ ਨੇ ਪ੍ਰਾਚੀਨ ਮੂਰਛਨਾ ਦੇ ਆਧਾਰ ਤੇ ਵਖੋ–ਵਖ ਠਾਟਾਂ ਵਿਚ ਰਾਗ–ਵਰਗ ਬਣਾਏ ਹਨ ਅਤੇ ਉਨ੍ਹਾਂ ਵਿਚ ਲਗ–ਭਗ ੧੭੦ ਰਾਗਾਂ ਦਾ ਵੇਰਵਾ ਬਹੁਤ

ਸੁੰਦਰ ਢੰਗ ਨਾਲ ਦਿੱਤਾ ਹੈ। ਭਾਵ, ਸ਼ੁਰਤੀ-ਅੰਤਰ, ਗੁਣਾ-ਅੰਤਰ, ਕੰਪਨ-ਸੰਖਿਆ ਤੇ ਸੁਰ-ਸੰਵਾਦ ਆਦਿ ਨੂੰ ਚੰਗੇ ਵਿਸਥਾਰ ਨਾਲ ਲਿਖਿਆ ਹੈ। ਆਪ ਜੀ ਨੇ ਲਗ-ਭਗ ੩੦ ਸੰਗੀਤ ਲਿਖੇ ਹਨ, ਜਿਨ੍ਹਾਂ ਵਿਚ ਤਾਲ-ਬੱਧ ਉਸਤਾਦੀ ਬੰਦਿਸ਼ਾਂ, (ਟਿਯੂਨਾਂ) ਰਾਗ ਵਰਣਨ, ਤਾਨਾਂ ਤੇ ਆਲਾਪ ਬਾਤਰਤੀਬ ਦਿੱਤੇ ਹਨ।

ਪੰ: ਫਿਰੋਜ਼ ਫਰਾਮ ਜੀ ਨਾਲ ਸੰਮਤੀ ਰੱਖਣ ਵਾਲੇ ਦੂਜੇ ਸਨ-ਸੰਗੀਤਾਚਾਰੀਯ ਪੰ: ਵਿਨਾਇਕ ਨਾਰਾਇਣ ਪਟਵਰਧਨ, ਆਪ ਜੀ ਨੇ ਆਪਣੇ 'ਰਾਗ-ਵਿਗਿਆਨ' ਦੇ ਚੌਥੇ ਭਾਗ ਵਿਚ ਲਿਖਿਆ ਹੈ ਕਿ ਮੂਰਛਨਾ ਪੱਧਤੀ ਨੂੰ ਛੱਡ ਕੇ ਜਿਹੜੀ ਠਾਟ-ਪੱਧਤੀ ਅਜ-ਕਲ ਪਰਚਲਿਤ ਹੈ ਉਸ ਤੇ ਈਰਾਨੀ ਸੰਗੀਤ ਦਾ ਪ੍ਰਭਾਵ ਹੈ।

ਪਟਵਰਧਨ ਜੀ ਲਿਖਦੇ ਹਨ ਕਿ ਜਦੋਂ ਮੁਸਲਮਾਨ ਹਿੰਦੁਸਤਾਨ ਵਿਚ ਆਏ ਤਾਂ ਉਨ੍ਹਾਂ ਨਾਲ ਯੂਨਾਨ, ਈਰਾਨ, ਅਫਗਾਨ ਆਦਿ ਦੇਸ਼ਾਂ ਤੋਂ ਗਾਇਕ-ਵਾਦਿਕ ਭੀ ਆਏ ਸਨ। ਉਹ ਭਾਰਤੀ ਮੂਰਛਨਾ ਪੱਧਤੀ ਨੂੰ ਨਹੀਂ ਸੀ ਸਮਝਦੇ, ਪਰ ਉਨ੍ਹਾਂ ਪਾਸ ਆਪਣੀ ਇਕ ਮੁਕਾਮ ਪੱਧਤੀ ਸੀ। ਭਾਵ, ਉਨ੍ਹਾਂ ਦੇ ਤੰਤੀ ਸਾਜ਼ਾਂ ਉਤੇ ਬਾਰਹ ਅਚੱਲ ਪਰਦੇ (ਸਾਰਿਕਾਏਂ) ਸਨ, ਜਿਨ੍ਹਾਂ ਤੋਂ ਬਾਰਾਂ ਧੁਨੀਆਂ ਨਿਕਲਦੀਆਂ ਸਨ। ਇਨ੍ਹਾਂ ਬਾਰਾਂ ਧੁਨੀਆਂ ਦੇ ਵਖੋ-ਵਖ ਨਾਮ ਸਨ ਅਤੇ ਆਪਣੇ ਰਾਗਾਂ ਵਿਚ ਜਿਹੜੀਆਂ ਸੱਤ ਜਾਂ ਅੱਠ ਸੁਰਾਂ ਲਗਾਉਂਦੇ ਸਨ, ਉਨ੍ਹਾਂ ਦੇ ਸਮੂਹ ਨੂੰ ਉਹ ਮੁਕਾਮ ਕਹਿੰਦੇ ਸਨ। ਇਸੇ ਤਰ੍ਹਾਂ ਆਪਣੇ ਰਾਗਾਂ ਨੂੰ ਉਹ ਬਾਰਹ ਮੁਕਾਮਾਂ ਵਿਚ ਵੰਡਦੇ ਸਨ।

ਆਧੁਨਿਕ ਉੱਤਰ ਭਾਰਤੀਯ ਸਰਸਵਤੀ ਵੀਣਾ, ਤੇ ਦੱਖਣੀ ਵੀਣਾ ਉਤੇ ਅਚੱਲ ਪਰਦੇ (ਸਾਰਿਕਾਏਂ) ਕਾਇਮ ਕਰਨੇ, ਖੜਜ-ਪੰਚਮ ਸੁਰ ਦਾ ਅਚੱਲ ਹੋਣਾ, ਉੱਤਰੀ ਸੰਗੀਤ ਵਿਚ ਠਾਟ ਸ਼ਬਦ ਦਾ ਆਉਣਾ ਅਤੇ ਮੂਰਛਨਾ ਪੱਧਤੀ ਦਾ ਅਲੋਪ ਹੋਣਾ, ਇਕ ਸਪਤਕ ਵਿਚ ਸ, ਰੁ ਰ, ਗੁ ਗ, ਮ ਮੰ, ਪ, ਧੁ ਧ ਨੁ ਨ ਬਾਰਹ ਸੁਰਾਂ ਦੀ ਕਲਪਨਾ ਕਰਨਾ, ਸ਼ੁਰਤੀ ਅੰਤਰ ੨੨ ਦੀ ਥਾਂ ੨੪ ਮੰਨਣਾ ਆਦਿ ਆਦਿ ਭਾਰਤੀਯ ਸੰਗੀਤ ਤੇ ਮੁਸਲਮਾਨੀ ਸੰਗੀਤ ਦਾ ਪ੍ਰਭਾਵ ਹੈ। ਇਸੇ ਤਰ੍ਹਾਂ ਹੋਰ ਵੀ ਕਈ ਸੰਗੀਤਕਾਰ ਐਸਾ ਵੀਚਾਰ ਰੱਖਦੇ ਹਨ।

ਅਸੀਂ 'ਠਾਟ ਪੱਧਤੀ ਦਾ ਵਿਕਾਸ' ਦੇ ਪਰਕਰਣ ਵਿਚ ਦਸਿਆ ਸੀ ਕਿ ਹਿੰਦੁਸਤਾਨ ਉਤੇ ਮੁਸਲਮਾਨਾਂ ਦਾ ਰਾਜ ਕਾਇਮ ਹੋਣ ਤੋਂ ਬਾਦ ਭਾਰਤੀਯ ਸੰਗੀਤ ਵਿਚ ਇਕ ਨਵੀਨ ਪੱਧਤੀ ਦਾ ਵਿਕਾਸ ਆਰੰਭ ਹੋ ਚੁਕਿਆ ਸੀ।

੧੫ਵੀਂ ਸਦੀ ਵਿਚ ਸਭ ਤੋਂ ਪਹਿਲਾਂ ਪੰ: ਲੋਚਨ ਨੇ ਆਪਣੇ 'ਰਾਗ-ਤਰੰਗਿਣੀ' ਵਿਚ ਰਾਗ-ਰਾਗਣੀ (ਪਰਿਵਾਰ-ਵਰਗ) ਨੂੰ ਛੱਡ ਕੇ ਜਨਕ-ਜਨਯ (ਠਾਟ) ਪੱਧਤੀ ਦੇ ਅਨੁਸਾਰ ਰਾਗ-ਵਰਗ ਬਣਾਏ। ਉਸ ਤੋਂ ਬਾਦ ਰਾਗ ਤੱਤਵਿਬੋਧ, ਪਾਰਿਜਾਤ ਆਦਿ ਗ੍ਰੰਥ ਲਿਖੇ ਗਏ। ਅਖੀਰ ੧੯ਵੀਂ ਸਦੀ ਦੇ ਮਹਾਨ ਸੰਗੀਤਾਚਾਰੀਯ ਪੰ: ਸ੍ਰੀ ਵਿਨੂ ਨਾਰਾਇਣ ਭਾਤਖੰਡੇ ਜੀ ਨੇ ਪ੍ਰਾਚੀਨ ਸੰਗੀਤ ਗ੍ਰੰਥਾਂ ਦਾ ਅਧਿਐਨ ਕਰਕੇ ੧੨ ਸੁਰਾਂ ਤੇ ਆਧਾਰਿਤ ਠਾਟ ਪੱਧਤੀ ਨੂੰ ਅਪਨਾਇਆ। ਭਾਵ, ਪੰਡਿਤ ਵਯੰਕਟਮਖੀ ਦੇ ੭੨ ਠਾਟਾਂ ਵਿਚੋਂ ਕੇਵਲ ੧੦ ਠਾਟ ਉੱਤਰੀ ਸੰਗੀਤ ਪੱਧਤੀ ਲਈ ਚੁਣੇ ਅਤੇ ਉਨ੍ਹਾਂ ੧੦ ਠਾਟਾਂ ਵਿਚ ਉੱਤਰੀ ਭਾਰਤੀ ਪੱਧਤੀ ਦੇ ਸਾਰੇ ਰਾਗਾਂ ਦਾ ਨਵੇਂ ਸਿਰਿਉਂ ਵਰਗੀਕਰਨ ਕਰਕੇ ਸੰਗੀਤ ਗ੍ਰੰਥ ਲਿਖੇ। ਆਪ ਜੀ ਨੇ ਇਕ ਸ੍ਵਰਲਿਪੀ ਰਾਹੀਂ ਲਗ-ਭਗ ੧੯ ਸੌ ਪੁਰਾਣੇ ਉਸਤਾਦਾਂ ਦੀਆਂ ਤਾਲ-ਬੱਧ ਬੰਦਿਸ਼ਾਂ (ਟਿਯੂਨਾਂ) ਨੂੰ ਵੀ ਲਿਖਿਆ ਅਤੇ

ਕਈ ਸੰਗੀਤ ਗੋਸ਼ਟੀਆਂ ਕਰਵਾ ਕੇ ਇਸ ਨਵੀਨ ਠਾਟ ਪੱਧਤੀ ਦਾ ਐਸਾ ਪ੍ਰਚਾਰ-ਪ੍ਰਸਾਰ ਕੀਤਾ ਕਿ ਅਜ-ਕਲ ਸਾਰੇ ਭਾਰਤ ਵਿਚ ਇਹੋ ਸੰਗੀਤ ਪੱਧਤੀ ਪ੍ਰਚਲਿਤ ਹੈ।

ਉੱਤਰ ਭਾਰਤੀਯ ਸੰਗੀਤ ਪੱਧਤੀ ਦੇ ਸਾਰੇ ਰਾਗਾਂ ਨੂੰ ਆਧੁਨਿਕ ੧੦ ਠਾਟਾਂ ਦੀ ਸ਼੍ਰਿੰਖਲਾ ਵਿਚ ਲਿਆਉਣ ਨਾਲ ਵਿਦਿਆਰਥੀਆਂ ਨੂੰ ਸਹੂਲਤ ਤਾਂ ਹੈ। ਪਰ ਇਸ ਠਾਟ ਪੱਧਤੀ ਵਿਚ ਕੁਝ ਤਰੁੱਟੀਆਂ ਵੀ ਹਨ। ਜਿਵੇਂ :—ਕਲਿਆਨ ਠਾਟ ਵਿਚ ਦੋਵੇਂ 'ਮੱਧਮ' ਲਗਣ ਵਾਲੇ ਰਾਗਾਂ ਨੂੰ ਸ਼ਾਮਲ ਕਰਨਾ, ਖਮਾਜ ਤੇ ਕਾਫੀ ਠਾਟ ਵਿਚ ਦੋ 'ਗੰਧਾਰ', ਦੋ 'ਨਿਖਾਦ' ਵਾਲੇ ਰਾਗ, ਪੂਰਵੀ ਤੇ ਮਾਰਵਾ ਵਿਚ ਦੋ 'ਮੱਧਮ' ਵਾਲੇ ਰਾਗਾਂ ਦਾ ਆਉਣਾ ਅਤੇ ਜਿਨ੍ਹਾਂ ਰਾਗਾਂ ਵਿਚ ਰਿਖਭ-ਧੈਵਤ, ਗੰਧਾਰ-ਨਿਖਾਦ, ਜਾਂ ਤੀਵਰ ਮੱਧਮ ਆਦਿ ਅਤੀ ਕੋਮਲ ਜਾਂ ਤੀਵਰਤਰ ਸੁਰ ਲਗਦੇ ਹਨ, ਉਨ੍ਹਾਂ ਰਾਗਾਂ ਨੂੰ ਵੀ ਇਨ੍ਹਾਂ ੧੦ ਠਾਟਾਂ ਵਿਚ ਰੱਖਣਾ। ਜਿਵੇਂ :— ਭੈਰਵੀ ਠਾਟ ਵਿਚ ਬਿਲਾਸਖਾਨੀ, ਆਸਾਵਰੀ ਵਿਚ ਦਰਬਾਰੀ, ਕਾਫੀ ਵਿਚ ਬਾਗੇਸ਼੍ਰੀ ਇਤਿਆਦਿ ਰਾਗ ਸ਼ਾਮਲ ਹਨ। ਇਸੇ ਤਰ੍ਹਾਂ ਵਾਦੀ-ਸੰਵਾਦੀ ਬਾਰੇ ਇਹ ਕਹਿਣਾ ਕਿ ਚੌਥਾ ਜਾਂ ਪੰਜਵਾਂ ਸੁਰ ਵਾਦ-ਸੰਵਾਦ ਹੁੰਦੇ ਹਨ। ਜਿਵੇਂ :—ਸ੍ਰੀ ਰਾਗ ਵਿਚ 'ਰੇ-ਪਾ' ਅਤੇ ਮਾਰਵਾ ਵਿਚ 'ਰੇ-ਧਾ' ਅਜ-ਕਲ ਵਾਦ-ਸੰਵਾਦ ਮੰਨੇ ਜਾਂਦੇ ਹਨ। ਸੋ, ਉਪ੍ਰੋਕਤ ਕਮੀਆਂ ਸ਼ਾਸਤ੍ਰੀਯ ਨੀਅਮ ਅਨੁਸਾਰ ਅਸ਼ੁੱਧ ਦਿਖਾਈ ਦਿੰਦੀਆਂ ਹਨ।

ਇਥੇ ਇਸ ਗੱਲ ਦੀ ਸ਼ੰਕਾ ਪੈਦਾ ਹੁੰਦੀ ਹੈ ਕਿ ਸ੍ਰੀ ਭਾਤਖੰਡੇ, ਕੀ ਇਨ੍ਹਾਂ ਤਰੁੱਟੀਆਂ ਨੂੰ ਨਹੀਂ ਸੀ ਸਮਝਦੇ? ਪੰ: ਭਾਤਖੰਡੇ ਜੀ ਇਕ ਸੂਝਵਾਨ, ਵਿਚਾਰਕ ਤੇ ਸੰਗੀਤ ਸ਼ਾਸਤ੍ਰ ਦੇ ਚੰਗੇ ਖੋਜੀ ਸਨ, ਆਪ ਜੀ ਨੇ ਸੰਗੀਤ ਵਿਦਿਆ ਨੂੰ ਚੰਗੇ ਚੰਗੇ ਉਸਤਾਦਾਂ ਤੋਂ ਸਾਲਾਂ-ਬੱਧੀ ਸਿਖਿਆ ਸੀ। ਸੋ, ਆਪ ਸੰਗੀਤ ਦੀਆਂ ਸਭ ਬਾਰੀਕੀਆਂ ਨੂੰ ਜਾਣਦੇ ਤੇ ਸਮਝਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਗਾਉਣਾ-ਬਜਾਉਣਾ ਕੇਵਲ ਸੰਗੀਤ ਗ੍ਰੰਥਾਂ ਨੂੰ ਪੜ੍ਹਨ ਜਾਂ ਵੀਚਾਰਨ ਨਾਲ ਨਹੀਂ ਆਇਗਾ। ਇਸ ਵਿਦਿਆ ਨੂੰ ਤਾਂ ਕਿਸੇ ਚੰਗੇ ਉਸਤਾਦ (ਗੁਰੂ) ਤੋਂ ਸਿਖਣਾ ਹੀ ਪਵੇਗਾ। ਭਾਵ, ਇਹ ਗੁਰਮੁਖੀ ਵਿਦਿਆ ਹੈ। ਇਹ ਤਾਂ ਗੁਰੂ ਦੇ ਮੁਖ ਤੋਂ ਸੁਣ ਕੇ ਹੀ ਸਿਖੀ ਜਾ ਸਕਦੀ ਹੈ, ਕਿਸੇ ਸੰਗੀਤ ਸ਼ਾਸਤ੍ਰ ਤੋਂ ਨਹੀਂ। ਸੋ, ਜਿਵੇਂ ਜਿਵੇਂ ਵਿਦਿਆਰਥੀ ਇਸ ਵਿਦਿਆਂ ਨੂੰ ਸਿਖਣਗੇ, ਸੁਰ-ਅਭਿਆਸ ਕਰਨਗੇ, ਸਹਿਜੇ-ਸਹਿਜੇ ਸੁਰ ਗਿਆਨ ਵਧੇਗਾ, ਤਿਵੇਂ-ਤਿਵੇਂ ਉਹ ਰਾਗਾਂ ਦੀਆਂ ਬਾਰੀਕੀਆਂ ਨੂੰ ਵੀ ਨਾਲੋ-ਨਾਲ ਜ਼ਰੂਰ ਸਮਝਣਗੇ। ਕਿਉਂਕਿ ਸਾਡੇ ਸੰਗੀਤ ਸ਼ਾਸਤ੍ਰ ਦੇ ਕੁਝ ਨੀਅਮ ਐਸੇ ਹਨ ਕਿ ਰਾਗਾਂ ਵਿਚ ਲਗਣ ਵਾਲੇ ਕੋਮਲ, ਅਤੀ ਕੋਮਲ ਜਾਂ ਤੀਵਰ-ਤੀਵਤਰ ਸੁਰ ਥੋੜਾ ਧਿਆਨ ਕਰਨ ਨਾਲ ਆਪਣੀ ਥਾਂ ਖੁਦ-ਬਾਖੁਦ ਲਗ ਜਾਂਦੇ ਹਨ।

ਉਪ੍ਰੋਕਤ ੧੨ ਸੁਰਾਂ ਦੀ ਠਾਟ ਪੱਧਤੀ ਨੂੰ ਵੀਚਾਰਨ ਉਪ੍ਰੰਤ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਸੰਗੀਤ ਕਰਤੇ ਦੀ ਵਿਦਿਆ ਹੈ ਅਤੇ ਇਸ ਨੂੰ ਸਿਖਣ ਲਈ ਚੰਗੇ ਉਸਤਾਦ (ਗੁਰੂ) ਦੀ ਲੋੜ ਰਹੇਗੀ, ਉਸਤਾਦ ਤੋਂ ਬਿਨਾ ਇਹ ਬ੍ਰਹਮ ਵਿਦਿਆ ਕਦਾਚਿਤ ਨਹੀਂ ਆ ਸਕਦੀ, ਭਾਵੇਂ ਕੋਈ ਸੰਗੀਤ ਪ੍ਰੇਮੀ ਸਾਰੀ ਆਯੂ ਸੰਗੀਤ ਸ਼ਾਸਤ੍ਰ ਪੜ੍ਹਦਾ ਤੇ ਵੀਚਾਰਦਾ ਰਹੇ। ਹਾਂ! ਜਿਹੜਾ ਵੀ ਇਸ ਵਿਦਿਆ ਨੂੰ ਗੁਰੂ ਤੋਂ ਬਾਕਾਇਦਾ ਸਿਖੇਗਾ, ਉਸ ਲਈ ਸੰਗੀਤ ਸ਼ਾਸਤ੍ਰ ਸੋਨੇ ਤੇ ਸੁਹਾਗੇ ਦਾ ਕੰਮ ਜ਼ਰੂਰ ਕਰਨਗੇ।

ਜ਼ਰੂਰੀ ਨੋਟ :—ਗੁਰਮਤ ਸੰਗੀਤ ਸਾਗਰ ਦੇ ਤੀਜੇ ਭਾਗ ਵਿਚ ਸ਼ਾਸਤ੍ਰੀਯ-ਸੰਗੀਤ, ਭਗਤੀ-ਸੰਗੀਤ ਅਤੇ ਗੁਰਮਤ-ਸੰਗੀਤ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ।

ਰਾਗ ਖਮਾਜ

ਵਾਦੀ—ਗ	ਠਾਟ—ਖਮਾਜ	ਸਮਾਂ—ਰਾਤ ਦਾ ਦੂਜਾ ਪਹਿਰ ।
ਸੰਵਾਦੀ—ਨ	ਜਾਤੀ—ਖਾਡਵ-ਸੰਪੂਰਣ	ਵਿਸ਼ੇਸ਼—ਅਵਰੋਹ ਵਿਚ 'ਧ-ਮ' ਸੁਰ-ਸੰਗਤੀ ।

ਆਰੋਹ—ਸ, ਗ, ਮ, ਪ, ਧਨ, ਸਂ

ਅਵਰੋਹ—ਸਂ ਨੁ, ਧ, ਪ, ਮ ਗ, ਰ ਸ

ਪਕੜ—ਸਂ ਨੁਧ, ਮ ਪ ਧ, ਮ ਗ,

ਖਮਾਜ ਰਾਗ ਦਾ ਸੁਰ-ਰੂਪ ਤਾਂ ਅਤੀ ਪ੍ਰਾਚੀਨ ਹੈ । ਪਰ ਇਸ ਦੇ ਨਾਮ ਵਿਚ ਕੁਝ ਤਬਦੀਲੀ ਹੋਈ ਜਾਪਦੀ ਹੈ । ਕਿਉਂਕਿ ਪ੍ਰਾਚੀਨ ਸੰਗੀਤ ਗ੍ਰੰਥਾਂ ਵਿਚ ਖਮਾਜ ਦੀ ਥਾਂ, ਕਾਂਬੋਜੀ ਜਾਂ ਕਾਂਭੋਜੀ ਨਾਮ ਹੀ ਲਿਖਿਆ ਮਿਲਦਾ ਹੈ । ਪੰ: ਹਿਰਦਯ ਨਾਰਾਇਣ ਅਤੇ ਪੁੰਡਰੀਕ ਵਿੱਠਲ ਦੇ ਲਿਖੇ ਅਨੁਸਾਰ ਉਸ ਸਮੇਂ ਇਹ 'ਕੇਦਾਰ ਜਾਂ ਨਟਨਾਰਾਇਣ' ਠਾਟ (ਮੇਲ) ਦੀ ਇਕ ਸ਼ੁੱਧ ਰਾਗਣੀ ਕਹੀ ਜਾਂਦੀ ਸੀ । ਪਰ ਸੰਗੀਤ ਇਕ ਪਰਿਵਰਤਨਸ਼ੀਲ ਕਲਾ ਹੈ । ਸੋ,ਜਿਥੇ ਪੁਰਾਤਨ ਸਮੇਂ ਵਿਚ ਖਮਾਜ ਇਕ ਰਾਗਣੀ ਕਹੀ ਜਾਂਦੀ ਸੀ, ਉਥੇ ਆਧੁਨਿਕ ਸੰਗੀਤ ਵਿਦਵਾਨਾਂ ਨੇ ਇਸ ਨੂੰ ਇਕ ਜਨਕ ਠਾਟ ਦਾ ਰੂਪ ਦੇ ਦਿੱਤਾ ਹੈ । ਭਾਵ, ਪੰ: ਵਿਸ਼ਨੂ ਨਾਰਾਇਣ ਭਾਤਖੰਡੇ ਜੀ ਦੇ ਲਿਖੇ ਚੋਣਵੇਂ ਦਸ ਠਾਟਾਂ ਵਿਚੋਂ ਖਮਾਜ ਭੀ ਇਕ ਠਾਟ ਹੈ ।

ਖਮਾਜ ਠਾਟ ਤੋਂ ਉਤਪੰਨ ਹੋਣ ਵਾਲੇ ਰਾਗਾਂ ਦਾ ਇਕ ਸਾਧਾਰਣ ਨਿਯਮ ਇਹ ਹੈ ਕਿ ਯਾ ਤਾਂ ਉਨ੍ਹਾਂ ਦਾ ਵਾਦੀ ਸੁਰ ਗੰਧਾਰ ਹੁੰਦਾ ਹੈ ਯਾ ਫਿਰ ਰਿਖਭ । ਸੋ, ਖਮਾਜ ਪਹਿਲੇ ਵਰਗ ਦਾ ਰਾਗ ਹੈ । ਇਸ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਨਿਖਾਦ ਜਾਂ ਧੈਵਤ ਹੈ । ਜਾਤੀ ਖਾਡਵ-ਸੰਪੂਰਣ ਅਤੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ (ਲਗ-ਭਗ ਦਸ ਵਜੇ ਰਾਤ) ਹੈ । ਇਸ ਦੇ ਆਰੋਹ ਵਿਚ 'ਰੇ' ਵਰਜਿਤ ਅਤੇ ਅਵਰੋਹ ਸੰਪੂਰਣ ਹੈ । ਇਸ ਵਿਚ ਦੋਵੇਂ ਨਿਖਾਦ ਲਗਦੇ ਹਨ । ਭਾਵ, ਆਰੋਹ ਵਿਚ ਤੀਵਰ ਤੇ ਅਵਰੋਹ ਵਿਚ ਕੋਮਲ ਨਿਖਾਦ ਲਾਉਂਦੇ ਹਨ ।

ਇਸ ਰਾਗ ਦੇ ਆਰੋਹ ਵਿਚ 'ਪੰਚਮ' ਸੁਰ ਦਾ ਪ੍ਰਯੋਗ ਬਹੁਤ ਘਟ ਹੁੰਦਾ ਹੈ ਅਤੇ ਅਵਰੋਹ ਵਿਚ ਭੀ ਕਈ ਵੇਰ ਵਕ੍ਰ ਕਰਕੇ ਹੀ ਲਾਈਦਾ ਹੈ । ਜਿਵੇਂ—"ਗ ਮ ਧ ਨ ਸਂ, ਸਂ ਨੁ ਧ, ਮ ਪ ਧ, ਮ ਗ" ਪੰਚਮ ਸੁਰ ਤੇ ਥੋੜਾ ਉਸ ਸਮੇਂ ਠਹਿਰਨਾ ਪੈਂਦਾ ਹੈ ਜਦੋਂ ਉਸ ਨੂੰ ਲਗਾ ਕੇ ਦੂਜੇ ਸੁਰ ਤੇ ਜਾਣਾ ਹੋਵੇ ।

ਇਸ ਦੇ ਅੰਤਰੇ ਦਾ ਉਠਾਵ—"ਗ ਮ ਧ ਨ, ਨ ਸਂ, ਜਾਂ ਗ ਮ ਪ, ਨ, ਸਂ" ਇਸ ਪ੍ਰਕਾਰ ਹੁੰਦਾ ਹੈ । ਇਸ ਰਾਗ ਦੀ ਵਿਸ਼ੇਸ਼ਤਾ "ਗ, ਮ, ਪ, ਨ", ਇਨ੍ਹਾਂ ਚਾਰ ਸੁਰਾਂ ਤੇ ਨਿਰਭਰ ਹੈ ।

ਇਸ ਰਾਗ ਵਿਚ ਸ਼ਿੰਗਾਰ-ਰਸ ਦੀ ਗਾਇਕੀ ਹੀ ਪ੍ਰਧਾਨ ਹੈ । ਭਾਵ, ਖਯਾਲ, ਠੁਮਰੀ, ਗਜ਼ਲ ਹੀ ਅਕਸਰ ਲੋਕੀਂ ਗਾਉਂਦੇ ਹਨ, ਧੁਰਪਦ-ਧਮਾਰ ਘਟ ਹੀ ਸੁਣਨ ਵਿਚ ਆਉਂਦਾ ਹੈ । ਇਹ ਬਹੁਤ ਸੁੰਦਰ, ਮਿੱਠਾ ਤੇ ਲੋਕ-ਪ੍ਰਿਯ ਰਾਗ ਹੈ, ਇਸ ਰਾਗ ਵਿਚ ਦਰੁੱਤ ਲਯ ਦੀਆਂ ਤਾਨਾਂ ਬਹੁਤ ਸੁੰਦਰ ਲਗਦੀਆਂ ਹਨ ।

ਸੁਰ-ਵਿਸਥਾਰ (ਆਲਾਪ)

ਗ ਸ ਪ

੧. ਸ—ਸਗ, ਮਗ, ਰਸ —ਸਨ਼ਧ਼ਸ—ਸਗ, ਸਗਮ, ਮਗ, ਰਸ—ਨ਼, ਸਗਮਗ, ਸਗਮ, ਗਮਗ, ਮਗਰਸ— ।

ਸ ਪ ਪ ਪ ਪ

੨. ਨ਼—ਸਗ, ਗਮਧਪ, ਗਮਗ, ਰਸ—ਸਨ਼ਸਰਸ—ਨ਼ਸਗਮਪ, ਗਮ, ਧ, ਮਪਧ, ਗ, ਮਗ, ਰਸ—

ਧ ਧ ਗ

ਗਮਧਪ, ਧਪਮਗਪ, ਗਮ, ਨੁਧਪ, ਗਮਧ, ਮਗ, ਮਗਰਸ — ।

ਪ ਪ

੩. ਸ—ਗਮਧਪਧ ਮਗਪ, ਗਮਪਧਨੁ—ਨੁਧ, ਮਪਧ ਗ, ਗਮਨੁਧ, ਮਪਮਗ, ਮਗਰਸ—ਗਮਪ, ਨਸਂ,

ਪ ਰ ਠ

ਨੁਧ, ਮਪਧ, ਮਗ, ਗਮਗਰਸ—ਗਮਗਰਸ—ਗਮਧਨਸਂ ਨਸਂ, ਧਨਸਂਰਂਸਂਨੁਧ, ਮਪਧ, ਨੁਧਪ, ਗਮਪ,

ਪ

ਨਸਂ, ਪਨ, ਨਸਂ, ਨੁਧਪ, ਮਧਨੁ, ਧਨੁਸਂਰਂਸਂਨੁਧ, ਮਪਨ, ਨਸਂ, ਸਂਰਂਸਂਨੁਧਮਪਧ ਮਗ, ਰਸ— ।

ਧ ਪ ਪ ਰ ਰ

੪. ਗਮਪਨ, ਨਸਂ—ਨਸਂ, ਸਂਗਂ, ਰਂਸਂ—ਨੁਧ, ਮਪਧ, ਮਗ, ਗਮਪਧਨੁਧ, ਮਗ, ਗ ਸ—ਗਮਧਪ,

ਪ ਪ ਨ

ਮਪਨੁਧ, ਮਪਧ ਗਮਗ, ਮ, ਗ, ਪਧਪਮਗ, ਮਗਰਸ—ਨ਼ਸਗਮਪ, ਸਂ ਨਸਂਰਂਸਂ—ਧਨੁਧ, ਗਮਧਨਸਂ

ਗਂ ਪ ਮ ਗ

ਰਂਸਂ—ਧਨੁਧ, ਪਧਨਸਂ—ਪਧਸਂਰਂਗਂ, ਮਂਗਂਰਂਸਂ—ਸਂਰਂਨਸਂਨੁਧਪ, ਧਨਸਂਰਂਸਂਨੁਧ, ਮਪਧ, ਮਗ, ਪ ਮ

ਰ

ਗਰਸ— ।

੫. ਗਮਪ, ਨ—ਨਸਂ—ਪਨ, ਸਂ, ਰਂਸਂ, ਨੁਧਪ, ਮਪਧ, ਗਮਗ, ਸਗਮਪ-ਸਂ, ਨਸਂ, ਪਨਸਂਰਂਸਂਨੁਧ, ਨਸਂ—

ਸਂ ਗਂ ਨ

ਸਂਗਂ, ਮਂਗਂਰਂਸਂ, ਨ, ਸਂਗਂ, ਮਂਗਂ, ਸਂਗਂਮਂਗਂਰਂਸਂ, ਨਸਂਰਂਸਂਨੁਧਪਮਗ, ਮਧਨਸਂ, ਪਨ, ਨਸਂ, ਧਨਸਂ, ਰਂਸਂ,

ਪ ਰਂ ਪ

ਨੁਧ ਮਪਨ, ਨਸਂ, ਨਸਂਗਂ—ਮਂਗਂ, ਗਂਰਂਸਂ, ਸਂਰਂਗਂ, ਰਂਸਂਨੁਧਨਸਂ— ਨਸਂਰਂਸਂਨੁਧ, ਮਪਧ, ਗਮਗ, ਮਧ,

ਪ ਪ ਨ

ਨੁਧਪਮਗ, ਮ, ਗ, ਮਗਰਸ—ਨ਼ਸਗਮਪਨ, ਨਸਂ, ਧਨਸਂਰਂਸਂ, ਗਮਪਨਸਂ, ਸਂਨੁਧਪਮਗਰਸ, ਨ਼ਸਗਮ ਪਨਸਂਗਂ, ਗਂਰਂਸਂਨੁਧਪਮਗਰਸ— ।

ਨੋਟ :—ਇਸ ਰਾਗ ਦੀ ਆਰੋਹ ਸੁਰ-ਰਚਨਾ ਕਈ ਤਰ੍ਹਾਂ ਕੀਤੀ ਜਾਂਦੀ ਹੈ। ਜਿਵੇਂ :—

(੧) ਨ਼ਸ ਗਮ ਪਧ ਨਸਂ, (੨) ਨ਼ਸ ਗਮ ਪਧ ਸਂ, (੩) ਨ਼ਸ ਗਮ ਪਨ ਸਂ, (੪) ਨ਼ਸ ਗਮ ਧਨ ਸਂ ।

ਖਮਾਜ ਰਾਗ ਦੀਆਂ ਤਾਨਾਂ (ਸ਼ਬਦ ਰੀਤ ਨੰ: ੧)

ਅਸਥਾਈ

	੨				੦				੩				×			
	ਸ	—	ਗ	ਗ	ਮ	—	ਗ	ਗ								
੧.	ਰੇ	ऽ	ਮ	ਨ	ਹਾ	ऽ	ਮ	*	ਨ਼ਸ	ਗਮ	ਪਧ	ਨਸਂ	ਨੁਧ	ਪਮ	ਗਰ	ਸ
੨.	.	.	.	.	.	.	.	.	ਗਮ	ਪਧ	ਨਸਂ	ਰਂਸਂ	ਨੁਧ	ਪਮ	ਗਰ	ਸ
੩.	.	.	ਗਮ	ਧਨੁ	ਧਪ	ਗਮ	ਧਨ	ਸਂਨੁ	ਧਪ,	ਗਮ	ਧਨ	ਸਂਰਂ	ਸਂਨੁ	ਧਪ	ਮਗ	ਰਸ
੪.	ਨ਼ਸ	ਗਮ	ਧਪ	ਗਮ,	ਧਨ	ਸਂਰਂ	ਸਂਨੁ	ਧਪ,	ਮਪ	ਧਸਂ	ਗਂਗਂ	ਰਂਸਂ	ਨੁਧ	ਪਮ	ਗਰ	ਸ
੫.	.	.	.	.	.	.	.	.	.	.	ਗਮ	ਧਧ	ਪਮ,	ਗਮ	ਧਨ	ਸਂਨੁ
	ਧਧ	ਪਮ,	ਗਮ	ਧਨ	ਸਂਰਂ	ਸਂਨੁ	ਧਧ	ਪਮ,	ਗਮ	ਧਨ	ਸਂਗਂ	ਰਂਸਂ	ਨੁਧ	ਪਮ	ਗਰ	ਸ
੬.	.	.	ਗਮ	ਪਧ	ਨੁਧ	ਪਮ;	ਗਮ	ਪਧ	ਨਸਂ	ਨੁਧ	ਪਮ,	ਗਮ	ਪਧ	ਨਸਂ	ਰਂਸਂ	ਨੁਧ
	ਪਮ;	ਗਮ	ਪਧ	ਨਸਂ	ਗਂਰਂ	ਸਂਨੁ	ਧਪ,	ਗਮ	ਪਧ	ਨਸਂ	ਗਂਮਂ	ਗਂਰਂ	ਸਂਨੁ	ਧਪ	ਮਗ	ਰਸ
੭.	ਨ਼ਸ	ਗਮ	ਪ,	ਗਮ	ਧਨੁ	ਧ,	ਗਮ	ਧਨ	ਸਂ,	ਨਸਂ	ਗਂਮਂ	ਗਂ,	ਸਂਰਂ	ਸਂ,ਨ	ਸਂਨ,	ਧਨੁ
	ਧ,ਪ	ਧਪ,	ਮਪ	ਮ,ਗ	ਮਗ,	ਰਗ	ਰ,ਸ	ਨ਼ਸ,	ਗਮ	ਧਨ	ਸਂਗਂ	ਰਂਸਂ,	ਨੁਧ	ਪਮ	ਗਰ	ਸ
੮.	.	.	.	.	.	.	.	.	.	.	.	.	ਸਗ	ਰਸ,	ਗਮ	ਗਗ
	ਮਗ	ਰਸ,	ਧਨੁ	ਧਧ	ਨੁਧ	ਪਮ	ਗਰ	ਸ,	ਗਂਮਂ	ਗਂਗਂ	ਮਂਗਂ	ਰਂਸਂ	ਨੁਧ	ਪਮ	ਗਰ	ਸ,
	ਨ਼ਸ	ਗਮ	ਪਮ,	ਗਮ	ਪਧ	ਨੁਧ,	ਪਧ	ਨਸਂ	ਰਂਸਂ,	ਸਂਰਂ	ਗਂਮਂ	ਗਂਰਂ,	ਸਂਨੁ	ਧਪ	ਮਗ	ਰਸ

ਅੰਤਰਾ*

	ਮ		ਨੁ													
	ਗ	ਮ	ਧ	ਨ	ਸਂ	ਨ	ਸਂ	ਸਂ								
੧.	ਕ	ਹੈ	ऽ	ऽ	ਨਾ	ऽ	ਨ	ਕ	ਸਂਨੁ	ਧਪ	ਮਗ	ਰਸ	ਨ਼ਸ	ਗਮ	ਪਧ	ਨਸ
੨.	.	.	.	.	.	.	.	.	ਸਂਰਂ	ਸਂਨੁ	ਧਪ	ਮਗ	ਰਸ	ਗਮ	ਪਧ	ਨਸਂ
੩.	.	.	.	.	.	.	ਨਸਂ	ਗਂਗਂ	ਰਂਸਂ	ਨੁਧ	ਪਮ	ਗਰ	ਸ,	ਗਮ	ਪਧ	ਨਸਂ
੪.	.	.	.	.	ਗਂਗਂ	ਮਂਗਂ	ਰਂਸਂ	ਨੁਧ	ਪਮ	ਗਰ	ਸ,	ਨ਼ਸ	ਗਮ	ਧਨ	ਸਂਰਂ	ਸਂ
੫	ਗਂਮਂ	ਗਂਰਂ	ਸਂਗਂ	ਰਂਸਂ	ਨਸਂ	ਨੁਧ	ਪਨੁ	ਧਪ	ਗਮ	ਗਰ	ਸਗ	ਰਸ	ਨ਼ਸ	ਗਮ	ਪਧ	ਨਸਂ

*ਸ਼ਬਦ ਗਾਉਣ ਤੋਂ ਬਾਦ ਹੀ ਸੁਰ-ਸਰਗਮ, ਜਾਂ "ਤਾਨਾ" ਲਾਉਣੀਆਂ ਚਾਹੀਦੀਆਂ ਹਨ, ਇਸੇ ਕਾਰਣ ਸ਼ਬਦ ਦੀ ਅੰਤਲੀ ਤੁਕ ਅੰਤਰੇ ਤੇ ਲਾਈ ਹੈ।

੬.	• • • • ਸੰਨ ਸੰ, ਨੁਧ ਪਮ	• • ਸੰਨ ਸੰ ਗਰ ਸਨ਼ ਸ, ਗਮ	ਧਨੁ ਪਧ ਸੰਨ ਸੰ, ਪਧ ਨਸੰ, ਗਮ ਪਧ	ਨੁਧ ਪਮ ਗਮ ਪਧ ਨਸੰ, ਗਮ ਪਧ ਨਸੰ
੭.	• • • • ਪਧ ਪਪ ਧਪ ਮਗ	ਗੰਮੰ ਗੰਗੰ ਮੰਗੰ ਰੰਸੰ, ਗਮ ਗਗ ਮਗ ਰਸ	ਸੰਰੰ ਸੰਸੰ ਰੰਸੰ ਨੁਧ, ਗਮ ਧਨ ਸੰ, ਗਮ	ਧਨੁ ਧਧ ਨੁਧ ਪਮ, ਧਨ ਸੰ, ਗਮ ਧਨ
੮.	ਧਨ ਸੰ,ਧ ਨਸੰ, ਧਨ ਧਨੁ ਧਧ, ਨਸੰ ਨਨ	ਸੰਰੰ ਸੰਨੁ ਧਪ ਮਗ ਸੰਰੰ ਸੰਸੰ, ਗੰਮੰ ਗੰਰੰ	ਰਸ ਨ਼ਸ, ਗਮ ਗਗ, ਸੰਨੁ ਧਪ ਮਗ ਰਸ,	ਮਪ ਮਮ, ਪਧ ਪਪ, ਨ਼ਸ ਗਮ ਪਧ ਨਸੰ

੧. ਰਾਗ ਖਮਾਜ, ਤਿੰਨਤਾਲ (ਮੱਧਜ ਲਯ)

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨ ਸੁਨਹੁ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥
ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਹੁ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤ ਅਉਸਰੁ ਬੀਤਿ ॥੨॥

(ਸੋਰਠਿ ਮਹਲਾ ੯, ਪੰਨਾ ੬੩੧)

ਅਸਥਾਈ

੨				०				੩				×			
											ਮ				
ਸ	—	ਗ	ਗ	ਮ	—	ਗ	ਗ	ਮ	ਪ	—	ਗ	ਮ	—	—	ਗ
ਰੇ	ऽ	ਮ	ਨ	ਰਾ	ऽ	ਮ	ਸਿਉ	ऽ	ਕ	ऽ	ਰ	ਪ੍ਰੀ	ऽ	ऽ	ਤ,
ਨੁ												ਸੰ			
ਧ	ਨੁ	ਧ	ਪ	ਧ	ਨੁ	ਧ	ਪ	ਪ	ਸੰ	ਨ	ਸੰ	ਧ	ਨੁ	ਧ	—
ਸ੍ਰ	ਵ	ਨ	ऽ	ਗੋ	ऽ	ਬਿੰ	ਦ	ਗੁ	ऽ	ਨ	ਸੁ	ਨਹੁ	ऽ	ऽ	ऽ
				ਸੰ				ਪ							
ਗ	ਮ	ਪ	ਧ	ਨੁ	—	ਧ	ਪ	ਗ	ਮ	ਪ	—	ਧ	(ਮ)	—	ਗ
ਅ	ऽ	ਰ	ऽ	ਗਾ	ऽ	ਉ	ऽ	ਰ	ਸ	ਨਾ	ऽ	ऽ	ਗੀ	ऽ	ਤ

ਅੰਤਰਾ

ਮ		ਨੁ						ਸੰ							
ਗ	ਮ	ਧ	ਨ	ਸੰ	ਨ	ਸੰ	ਸੰ	ਨ	ਨ	ਸੰ	—	(ਸੰ)	—	ਨੁ	ਧ
ਕ	ਰ	ਸਾ	ਧ	ਸੰ	ऽ	ਗ	ਤ	ਸਿ	ਮ	ਰ	ऽ	ਮਾ	ऽ	ਧੋ	ऽ
								ਪੰ							
ਗ	ਮ	ਪ	ਧ	ਸੰ	ਨੁ	ਧ	ਪ	ਗ	ਮ	ਪ	—	ਧ	(ਮ)	—	ਗ
ਹੋ	ऽ	ਹਿੰ	ऽ	ਪ	ਤਿ	ਤ	ऽ	ऽ	ऽ	ऽ	ऽ	ਪੁ	ਨੀ	ऽ	ਤ

ਨੋਟ :—ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ।

੨. ਰਾਗ ਖਮਾਜ, ਤਿੰਨਤਾਲ (ਮੱਧਯ ਲਯ)

ਓਅੰਕਾਰਿ ਅਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ।
ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੇ ਜੋਤਿ ਸਵਾਰੇ।
ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ।
ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤ ਅਪਾਰੇ।
ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ।
ਸਾਧ ਸੰਗਤਿ ਗੁਰ ਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ।
ਪਰਉਪਕਾਰੀ ਗੁਰੂ ਪਿਆਰੇ ॥ ੧ ॥ (ਭਾਈ ਗੁਰਦਾਸ ਜੀ, ਵਾਰ ੪)

ਅਸਥਾਈ

੨				੦				੩				×			
				ਨ				ਧ							
ਪ	ਨ	ਸਂ	ਸਂ	ਸਂ	(ਸਂ)	ਨ̱	ਧਪ	ਨ̱	ਨ̱	ਧਪ	ਗਮ	ਗ	—	—	ਗ
ਪ	ਰ	ਉ	ਪ	ਕਾ	਽	ਰੀ	਽਽	ਗੁ	ਰੂ	਽਽	਽ਪਿ	ਆ	਽	਽	ਰੇ
ਸਂ				ਰਂ				ਪ							
ਨ	ਨ	ਸਂ	ਗਂ	ਨ	ਸਂ	ਨ̱ਧ	ਪਧ	ਸਂ	ਨ̱	ਧਪ	ਗਮ	ਗ	—	—	ਮ
ਪ	ਰ	ਉ	ਪ	ਕਾ	਽	ਰੀ਽	਽਽	ਗੁ	ਰੂ	਽਽	਽ਪਿ	ਆ	਽	਽	ਰੇ

ਅੰਤਰਾ

ਮ												ਨ			
ਗ	ਮ	ਨ̱ਧ	ਨ	ਸਂ	—	ਸਂ	ਸਂ	ਨ	—	ਸਂ	ਸਂ	ਸਂ	(ਸਂ)	ਨ̱	ਧ
ਓ	ਅਂ	਽਽	਽	ਕਾ	਽	ਰ	ਅ	ਕਾ	਽	਽	ਰ	ਕ	ਰ	਽	਽
ਗ						ਸਂ						ਰਂ			
ਮ	—	ਗ	ਮ	ਪ	—	ਨ	—	ਸਂ	—	ਸਂ	ਗਂ	ਨ	—	ਸਂ	—
ਪਉ	਽	ਣ	ਪਾ	ਣੀ	਽	ਬੈ	਽	ਸੰ	਽	ਤ	ਰ	ਧਾ	਽	ਰੇ	਽

ਨੋਟ :—ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ।

੪. ਰਾਗ ਖਮਾਜ, ਤਿੰਨਤਾਲ (ਮੱਧ ਲਯ)

ਭਇਓ ਕਿਰਪਾਲੁ ਦੀਨ ਦੁਖ ਭੰਜਨੁ ਆਪੇ ਸਭ ਬਿਧਿ ਥਾਟੀ ॥
ਖਿਨ ਮਹਿ ਰਾਖਿ ਲੀਓ ਜਨੁ ਅਪੁਨਾ ਗੁਰ ਪੂਰੈ ਬੇੜੀ ਕਾਟੀ ॥੧॥
ਮੇਰੇ ਮਨ ਗੁਰ ਗੋਵਿੰਦੁ ਸਦ ਧਿਆਈਐ ॥
ਸਗਲ ਕਲੇਸ ਮਿਟਹਿ ਇਸੁ ਤਨ ਤੇ ਮਨ ਚਿੰਦਿਆ ਫਲੁ ਪਾਈਐ ॥ ਰਹਾਉ ॥
ਜੀਅ ਜੰਤ ਜਾ ਕੇ ਸਭਿ ਕੀਨੇ ਪ੍ਰਭੁ ਊਚਾ ਅਗਮ ਅਪਾਰਾ ॥
ਸਾਧ ਸੰਗਿ ਨਾਨਕ ਨਾਮੁ ਧਿਆਇਆ ਮੁਖ ਊਜਲ ਭਏ ਦਰਬਾਰਾ ॥੨॥

(ਸੋਰਠਿ ਮ: ੫, ਪੰਨਾ ੬੩੦)

ਅਸਥਾਈ

×				੨				੦				੩			
ਨ								ਪ							
ਸੰ	ਨ	ਸੰ	ਸੰ	ਧਨੁ	ਪਧ	ਸੰ	ਨੁ	ਧ	ਧਪ	ਮ	ਪ	ਗ	ਮ	ਪ	ਧ
ਮੇ	ਰੇ	ਮ	ਨ	ਗੁऽ	ਰऽ	ਗੋ	ऽ	ਵਿੰ	ਦऽ	ਸ	ਦ	ਧਿਆ	ਈ	ਐ	ऽ
ਸ								ਪ				ਮ			
ਨ	ਨ	ਸੰ	ਸੰ	ਧਨੁ	ਪਧ	ਸੰ	ਨੁ	ਧ	ਧਪ	ਮ	ਪ	ਗ	ਗ	ਮ	—
ਮੇ	ਰੇ	ਮ	ਨ	ਗੁऽ	ਰऽ	ਗੋ	ऽ	ਵਿੰ	ਦऽ	ਸ	ਦ	ਧਿਆ	ਈ	ਐ	ऽ
ਰ															
ਗ	ਗ	ਰਸ	ਸ	ਗ	—	ਗ	ਗ	ਮ	—	ਮ	ਪ	ਗ	ਮ	ਪ	ਧ
ਸ	ਗ	ਲऽ	ਕ	ਲੇ	ऽ	ਸ	ਮਿ	ਟਹਿ	ऽ	ਇ	ਸ	ਤ	ਨ	ਤੇ	ऽ
ਨ	ਨ	ਸੰ	—	ਗੰ	—	ਸੰ	ਰ	ਨ	—	ਸੰ	—	ਨੁਧ	ਪਮ	ਗਮ	ਪਧ
ਮ	ਨ	ਚਿੰ	ऽ	ਦਿਆ	ऽ	ਫ	ਲ	ਪਾ	ऽ	ਈਐ	ऽ	ऽऽ	ऽऽ	ऽऽ	ऽऽ

ਅੰਤਰਾ

ਸੰ								ਪ				ਪ			
ਨ	ਨ	ਨ	ਨ	ਸੰ	—	ਨੁ	ਧਪ	ਗ	ਮ	ਪ	ਧਪ	ਗ	ਮ	ਗ	ਗ
ਭ	ਇਓ	ਕਿ	ਰ	ਪਾ	ऽ	ਲ	ਦੀऽ	ऽ	ਨ	ਦੁ	ਖऽ	ਭੰ	ऽ	ਜ	ਨ
ਸੰ			ਰੰ					ਧ				ਪ			
ਨ	ਸੰ	ਗੰ	ਨ	ਸੰ	ਸੰ	ਨੁ	ਧਪ	ਨੁ	—	ਧ	ਪ	ਗ	ਮ	ਗ	—
ਆ	ऽ	ਪੇ	ऽ	ਸ	ਭ	ਬਿ	ਧऽ	ਥਾ	ऽ	ऽ	ऽ	ऽ	ऽ	ਟੀ	ऽ
ਸ	ਸ	ਗ	—	ਮ	—	ਪ	ਪ	ਗ	ਮ	ਪ	ਧ	ਨ	ਨ	ਸੰ	—
ਖਿ	ਨ	ਮਹਿ	ऽ	ਰਾ	ऽ	ਖ	ਲੀ	ਓ	ऽ	ਜ	ਨ	ਅ	ਪ	ਨਾ	ऽ
ਸੰ	ਗੰ	ਰੰਗੰ	ਮੰ	ਗੰ	ਰੰ	ਸੰ	ਰੰ	ਨ	—	ਸੰ	—	ਨੁਧ	ਪਮ	ਗਮ	ਪਧ
ਗੁ	ਰ	ਪੂऽ	ऽ	ਰੈ	ऽ	ਬੇ	ੜੀ	ਕਾ	ऽ	ਟੀ	ऽ	ऽऽ	ऽऽ	ऽऽ	ऽऽ

—ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ ।

੪. ਰਾਗ ਖਮਾਜ, ਤਿੰਨਤਾਲ (ਮੱਧਜ ਲਯ)

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆਥਾ ॥੧॥ ਰਹਾਉ ॥
ਅਦਿਸਟ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆਥਾ ॥੪॥

(ਮਾਰੂ ਮਹਲਾ ੫, ਪੰਨਾ ੧੦੦੨)

ਅਸਥਾਈ

×				੨				੦				੩			
		ਨ਼													
		ਸ	ਗ	ਗ	ਮ	—	ਮ	ਪ	ਧ	ਮ	ਗ	ਮ	ਪਧ	ਨਸਂ	ਨ
		ਪਾ	ऽ	ਇਓ	ਰੇ	ऽ	ਮਾ	ਨ	ਕ	ਪਾ	ऽ	ਇਓ	ਪਾऽ	ऽऽ	ਇਓ
						ਨ									
ਸਂ	—	—	—	ਸਂ	ਸਂ	ਸਂ	—	(ਸਂ)	ਨ਼	ਧ	ਪ	ਪਧ	ਨ਼ਸਂ	ਨ਼ਧ	ਪਮ
ਰੇ	ऽ	ऽ	ऽ	ਹ	ਰਿ	ਪੂ	ऽ	ਰਾ	ਪਾ	ऽ	ਇਆ	ਥਾऽ	ऽऽ	ऽऽ	ऽऽ
ਗਰ	ਸ														
ऽऽ	ऽ, ਪਾਇਓ														

ਅੰਤਰਾ

	ਮ					ਧ									
	ਗ	ਗ	ਮ	ਪ	ਪ	ਨ	ਨ	ਸਂ	—	ਨ	ਸਂ	ਸਂ	—	—	—
	ਬਾ	ਹ	ਰ	ਢੂ	ਢ	ਨ	ਤੇ	ਛੂ	ऽ	ਟ	ਪ	ਰੇ	ऽ	ऽ	ऽ
								ਰਂ							
ਸਂ	ਨ	ਨ	ਨ	ਸਂ	—	ਸਂ	ਰਂ	ਨ	—	ਸਂ	—	ਨ਼	—	ਧ	—
ਗੁਰ	ਘ	ਰ	ਹੀ	ਮਾ	ऽ	ਹਿ	ਦਿ	ਖਾ	ऽ	ਇਆ	ऽ	ਥਾ	ऽ	ऽ	ऽ
—	ਨ	ਨ	—	ਸਂ	ਸਂ	ਨ਼	ਧ	ਧ	ਪ	ਪ	ਧ	ਨ	ਨ	ਸਂ	ਸਂ
ऽ	ਅਨ	ਭਉ	ऽ	ਅ	ਚ	ਰ	ਜ	ਰੂ	ਪ	ਪ੍ਰ	ਭ	ਪੇ	ਖਿਆ	ਮੇ	ਰਾ

								ਮ							
ਸਂ	ਸਂ	ਸਂ	ਰਂ	ਸਂ	ਨੁ	ਧ	ਪ	ਗ	ਮ	ਪ	ਧ	ਪਧ	ਨੁਸਂ	ਨੁਧ	ਪਮ
ਮਨ	ਛੋ	ਡ	ਨ	ਕ	ਤ	ਹੂ	ऽ	ਜਾ	ऽ	ਇਆ	ऽ	ਥਾऽ	ऽऽ	ऽऽ	ऽऽ

ਗੁਰ	ਸ,	
ऽऽ	ऽ	ਪਾਇਓ

ਨੋਟ :—ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ । (ਸੁਰ ਰਚਨਾ ਕਰਤਾ)

੫. ਰਾਗ ਖਮਾਜ, ਛੋਟੀ ਤਿੰਨਤਾਲ (ਮੱਧਜ ਲਯ)

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰ ਥੀਏ ॥੧॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂੰ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥

(ਆਸਾ ਸੇਖ ਫਰੀਦ ਜੀਉ, ਪੰਨਾ ੪੮੮)

ਅਸਥਾਈ

×				੨				੦				੩			
						ਸ	—	ਗ	—	ਮ	ਪ	–ਪ	ਪਧ	ਨਸਂ	ਨ
						ਤ	ऽ	ਤੇ	ऽ	ऽ	ਇ	ऽਸ	ਕऽ	ऽऽ	ਖ
											ਗ		ਧ		
ਸਂ	—	—	—	—	ਸਂ	ਨੁ	—	ਧ	—	ਮ	ਮ	—	ਪ	ਪ	ਮ
ਦਾ	ऽ	ऽ	ऽ	ऽ	ਇ	ਰੰ	ऽ	ਗ	ऽ	ऽ	ਦੀ	ऽ	ਦਾ	ऽ	ਰ
ਗ	—	—	ਰ	ਸ	—	ਗ /	ਮ	ਪ	—	ਪ	ਧ	—	ਧ	—	ਸਂ
ਕੇ	ऽ	ऽ	ऽ	ऽ	ऽ,	ਵਿ	ऽ	ਸ	ऽ	ਰਿ	ਆ	ऽ	ਜਿ	ऽ	ਨ
						ਧ					ਪ				
ਨੁ	—	ਧ	—	ਪ	ਪ	ਨੁ	—	ਧ	ਧ	—	ਗ	ਮ	ਪ	—	ਮ
ਨਾ	ऽ	ऽ	ऽ	ऽ	ਮ	ਤੇ	ऽ	ਭੁ	ਇ	ऽ	ਭਾ	ऽ	ਰ	ऽ	ਥੀ
ਗ	—	—	ਰ	ਸ	—										
ਏ	ऽ	ऽ	ऽ	ऽ	ऽ										

						ਮ							ਧ		
						ਗ	—	ਗ	—	ਮ	ਪ	—	ਨ	—	ਨ
						ਦਿ	ऽ	ਲਹੁ	ऽ	ਮੁ	ਹ	ऽ	ਬ	ऽ	ਤ
ਸਂ	ਸਂ	—	—	—	—	ਸਂਨੁ	—	ਧ	—	—	—	ਨੁ	ਸਂ	—	ਨੁ
ਜਿੰ	ਨੁ	ऽ	ऽ	ऽ	ऽ	ਸੇऽ	ऽ	ਈ	ऽ	ऽ	ऽ	ऽ	ਸ	ऽ	ਚਿ
ਧ	—	ਨੁਧ	ਪ	—	—	ਨ	ਨ	ਨ	ਨ	—	ਨ	ਨ	ਸਂ	—	ਰਂ
ਆ	ऽ	ऽऽ	ऽ	ऽ	ऽ,	ਜਿ	ਨ	ਮ	ਨ	ऽ	ਹੋ	ਰ	ਮੁ	ऽ	ਖ
						ਸਂ					ਪ				
ਸਂ	—	—	—	—	ਸਂ	ਨੁ	—	ਧ	—	—	ਗ	ਮ	ਪ	—	ਮ
ਹੋ	ऽ	ऽ	ऽ	ऽ	ਰ	ਸਿ	ऽ	ऽ	ऽ	ऽ	ਕਾਂ	ਢੇ	ਕ	ऽ	ਚਿ
ਗ	—	—	ਰ	ਸ	—										
ਆ	ऽ	ऽ	ऽ	ऽ	ऽ	ਰਤੇ	ਇ......								

—ਬਾਕੀ ਤੁਕਾਂ ਅੰਤਰੇ ਤੇ ਲਾਓ । (ਸੁਰ ਰਚਨਾ ਕਰਤਾ ਵਲੋਂ)

੬. ਰਾਗ ਖਮਾਜ, ਛੋਟੀ ਤਿੰਨ ਤਾਲ (ਮੱਧਜ ਲਯ)

ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ ॥
ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ॥
ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥
ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ ॥

(ਫੁਨਹੇ ਮ: ੫, ਪੰਨਾ ੧੩੬੨)

ਅਸਥਾਈ

੦				੩				×				੨			
ਪ	—	ਪ	ਧ	ਧ	ਸਂ	ਸਂ	ਨੁ	ਧ	ਨੁ	ਧ	ਪ	ਮ	ਮ	ਪ	ਧਪ
ਚਾ	ऽ	ਤ੍ਰਿ	ਕ	ਚਿ	ਤ	ਸੁ	ऽ	ਚਿ	ਤ	ਸੁ	ऽ	ਚਿ	ਤ	ਸੁ	ऽऽ
ਮ															
ਗ	—	—	—	ਮ	ਪ	—	ਧ	ਨ	—	—	ਨ	ਸਂ	—	—	—
ਸਾ	ऽ	ऽ	ऽ	ऽ	ਜ	ऽ	ਨ	ਚਾ	ऽ	ऽ	ਹੀ	ਐ	ऽ	ऽ	ऽ

ਅੰਤਰਾ

														ਮ	ਮ
														ਜਿ	ਸ
ਗ	ਮ	—	ਧਨੁ	ਧ	ਨ	—	—	ਸਂ	—	—	—	—	ਸਂ	ਰਂ	—
ਸੰ	ਗ	ऽ	ਲਾऽ	ऽ	ਗੇ	ऽ	ऽ	ਪ੍ਰਾ	ऽ	ऽ	ऽ	ऽ	ਣ,	ਜੀ	ऽ

					ਰਂ										
—	—	—	ਗਂਰਂ	ਗਂ	ਸਂ	—	ਸਂ	ਨ	—	—	ਰਂ	ਸਂ	—	—	—
ऽ	ऽ	ऽ	ਤਿऽ	ऽ	ਸੈ	ऽ	ਕਉ	ਆ	ऽ	ऽ	ਹੀ	ਐ	ऽ	ऽ	ऽ

—ਬਾਕੀ ਤੁਕਾਂ ਅੰਤਰੇ ਤੇ ਲਾਓ।

੭. ਰਾਗ ਖਮਾਜ, ਕਹਿਰਵਾ (ਮੱਧਜ ਲਯ)

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥
ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥
ਕਰਿ ਮਿਨੰਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ ॥੧॥
ਮੇਰੇ ਭਾਈ ਜਨਾ ਕੋਈ ਮੋਕਉ ਹਰਿ ਪ੍ਰਭੁ ਮੇਲਿ ਮਿਲਾਇ ॥
ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥ ਰਹਾਉ ॥
ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥
ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ॥
ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ ॥੨॥
ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤ ਸਭੁ ਕੋਇ ॥
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥
ਜੋ ਹਰਿ ਪ੍ਰਭੁ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥੩॥
ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ ॥
ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ ॥
ਸਭੁ ਜਗਜੀਵਨੁ ਆਪ ਹੈ ਨਾਨਕ ਜਲੁ ਜਲਹਿ ਸਮਾਇ ॥ ੪ ॥

(ਸ੍ਰੀ ਰਾਗੁ ਮ: ੪, ਪੰਨਾ ੪੧)

ਅਸਥਾਈ

×				०				×				०		ਸਂ	ਸਂ
														ਮੇ	ਰੇ
ਪ	—	ਪ	ਧ	ਧ	ਸਂ	ਮਂ	ਨੁ	ਧ	ਨੁ	ਧ	ਪ	ਮ	—	ਮ	ਪ
ਭਾ	ऽ	ਈ	ਜ	ਨਾ	ਕੋਈ	ਮੋ	ਕਉ	ਹ	ऽ	ਰਿ	ऽ	ਪ੍ਰ	ऽ	ਭ	ऽ
ਮ															
ਗ	—	—	—	ਮ	ਪ	—	ਧ	ਨ	—	—	—	ਸਂ	—	ਸਂ	—
ਮੈ	ऽ	ऽ	ऽ	ऽ	ਲ	ऽ	ਮਿ	ਲਾ	ऽ	ऽ	ऽ	ਇ	ऽ,	ਹਉ	ऽ
ਮ	ਮ	ਮ	ਮ	ਧਨੁ	ਧ	ਨ	—	ਸਂ	ਸਂ	ਸਂ	—	—	—	ਸਂ	ਸਂ
ਸ	ਤਿ	ਗੁ	ਰ	ਵਿऽ	ऽ	ਟਹੁ	ऽ	ਵਾ	ਰਿ	ਆ	ऽ	ऽ	ऽ	ਜਿ	ਨ

ਨ	ਨ	ਨ	ਨ	ਸਂ	ਸਂ	—	ਸਂ	ਸਂ	ਨ਼	—	—	ਧ	—	ਧ	ਧ
ਕ	ਰਿ	ਪ੍ਰ	ਭ	ਦੀ	ਆ	ऽ	ਦਿ	ਖਾ	ऽ	ऽ	ऽ	ਇ	ऽ	ਮੇ	ਰੇ

ਅੰਤਰਾ

														ਸਂ	ਸਂ
														ਹਉ	ऽ
—	ਮ	ਮ	ਮ	ਧਨ਼	ਧ	ਨ	—	ਨ	ਸਂ	ਸਂ	ਸਂ	—	—	ਸਂ	ਸਂ
ऽ	ਪੰ	ਥ	ਦ	ਸਾऽ	ऽ	ਈ	ऽ	ਨਿ	ਤ	ਖ	ੜੀ	ऽ	ऽ,	ਕੋ	ਈ
←ऽ	ਜਿਨੀ	ਮੇ	ਰਾ	ਪਿਆ	ऽ	ਰਾ	ऽ	ਰਾ	ਵਿ	ਆ	ऽ	ऽ	ऽ	ਤਿ	ਨ
—	ਨ	ਨ	ਨ	ਸਂ	—	ਸਂ	ਰੰਸਂ	ਸਂ	ਨ਼	—	—	ਧ	—	—	—
ऽ	ਪ੍ਰ	ਭ	ਦ	ਸੇ	ऽ	ਤਿ	ਨऽ	ਜਾ	ऽ	ऽ	ऽ	ਉ	ऽ	ऽ	ऽ→
ऽ	ਪੀ	ऽ	ਛੈ	ਲਾ	ऽ	ਗ	ਫਿऽ	ਰਾ	ऽ	ऽ	ऽ	ਉ	ऽ	ऽ	ऽ
—	ਗਂ	ਗਂ	ਗਂ	ਰੰਗਂ	ਮਂ	ਗਂ	ਰਂ	ਸਂ	ਨ	ਧ	ਨ	ਸਂ	—	—	—
ऽ	ਕ	ਰ	ਮਿੰ	ਨऽ	ਤ	ਕ	ਰ	ऽ	ਜੋ	ऽ	ਦ	ੜੀ	ऽ	ऽ	ऽ
ਸਂ	ਨ	ਨ	ਨ	ਸਂ	—	ਸਂ	ਰੰਸਂ	ਸਂ	ਨ਼	—	—	ਧ	—	ਧ	ਧ
ਮੈ	ਪ੍ਰਭ	ਮਿ	ਲ	ਣੇ	ऽ	ਕਾ	ऽऽ	ਚਾ	ऽ	ऽ	ऽ	ਉ	ऽ	ਮੇ	ਰੇ...

ਨੋਟ—ਸ਼ਬਦ ਦੀਆਂ ਬਾਕੀ ਤੁਕਾਂ ਭੀ ਤਿੰਨ ਤਿੰਨ ਕੱਠੀਆਂ ਲਗਾਓ ।

੮. ਰਾਗ ਖਮਾਜ, ਦਾਦਰਾ (ਮੱਧ ਲਯ)

ਥਰਹਰ ਕੰਪੈ ਬਾਲਾ ਜੀਉ ॥ ਨਾ ਜਾਨਉ ਕਿਆ ਕਰਸੀ ਪੀਉ ॥ ੧ ॥
ਰੈਨਿ ਗਈ ਮਤ ਦਿਨੁ ਭੀ ਜਾਇ ॥ ਭਵਰ ਗਏ ਬਗ ਬੈਠੇ ਆਇ ॥੧॥ਰਹਾਉ॥
ਕਾਚੈ ਕਰਵੈ ਰਹੈ ਨ ਪਾਨੀ ॥ ਹੰਸੁ ਚਲਿਆ ਕਾਇਆ ਕੁਮਲਾਨੀ ॥ ੨ ॥
ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥ ਕਿਉ ਰਲੀਆ ਮਾਨੈ ਬਾਝੁ ਭਤਾਰਾ॥੩॥
ਕਾਗ ਉਡਾਵਤ ਭੁਜਾ ਪਿਰਾਨੀ ॥ ਕਹਿ ਕਬੀਰ ਇਹ ਕਥਾ ਸਿਰਾਨੀ ॥ ੪ ॥
(ਸੂਹੀ ਸ੍ਰੀ ਕਬੀਰ ਜੀਉ, ਪੰਨਾ ੭੯੨)

ਅਸਥਾਈ

×			0			×			0		
			ਸ	ਗ	ਗ	ਮ	—	—	ਪ	—	ਧ
			ਰੈ	ਨ	ਗ	ਈ	ऽ	ऽ	ਮ	ऽ	ਤ
ਪਧ	ਨਸਂ	—	ਨ਼	ਧ	ਪ	ਪ	ਧ	—	ਮ	ਪ	ਮ
ਦਿऽ	ਨऽ	ऽ	ਭੀ	ऽ	ऽ	ਜਾ	ऽ	ऽ	ਇ	ऽ	ऽ
ਗ	—	ਰਸ	ਨ	ਧ	ਨ	ਸਂ	—	—	ਸਂ	—	ਨ
ऽ	ऽ	ऽऽ	ਭਵ	ਰ	ਗ	ਏ	ऽ	ऽ	ਬ	ऽ	ऽ

ਸਂ	—	—	ਪ	—	ਧ	ਪਧ	ਨਸਂ	—	ਨ਼	ਧ	ਪ
ਗ	S	S	ਬੈ	S	ਠੇ	ਆS	SS	S	ਇ	S	S
ਮ	ਗ	ਰਸ									
S	S	SS									

ਅੰਤਰਾ

			ਗ ਮ	ਗ	ਮ	ਪ	—	—	ਧਨ਼	ਧ	ਨ
			ਬਰ	ਹ	ਰ	ਕੰ	S	S	ਪੈS	S	S
ਸਂ	—	—	ਨ	—	ਧਨ	ਸਂ	—	(ਸਂ)	ਨ਼	ਧ	ਨ਼
S	S	S	ਬਾS	S	ਲਾS	ਜੀ	S	S	ਉ	S	S
ਪ ਧ	ਪ	—	ਨ	—	ਨ	ਸਂ	—	—	ਰਂ	ਸਂ	ਨ
S	S	S,	ਨਾ	S	ਜਾ	ਨਾ	S	S	ਕਿਆ	S	S
ਸਂ	—	—	ਪ	ਪ	ਧ	ਪਧ	ਨਸਂ	—	ਨ਼	ਧ	ਪ
S	S	S	ਕ	ਰ	ਸੀ	ਪੀS	SS	S	ਉ	S	S
ਮ	ਗ	ਰਸ									
S	S	SS									

—ਬਾਕੀ ਤੁਕਾਂ ਅੰਤਰੇ ਤੇ ਲਾਓ। (ਸੁਰ ਰਚਨਾ ਕਰਤਾ ਵਲੋਂ)

੯. ਰਾਗ ਖਮਾਜ, ਰੂਪਕ (ਮੱਧਜ ਲਯ)

ਆਨੀਲੇ ਕਾਗਦ ਕਾਟੀ ਲੇ ਗੂਡੀ ਆਕਾਸ ਮਧੇ ਭਰਮੀਅਲੇ ॥
ਪੰਜ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥ ੧ ॥
ਮਨੁ ਰਾਮ ਨਾਮਾ ਬੇਧੀਅਲੇ ॥
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ੧ ॥ ਰਹਾਉ ॥
ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥ ੨ ॥
ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥ ੩ ॥
ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕ ਪਾਲਨ ਪਉਢੀਅਲੇ ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥ ੪ ॥
(ਰਾਮਕਲੀ, ਬਾਣੀ ਨਾਮਦੇਉ ਜੀ, ਪੰਨਾ ੯੭੨)

ਅਸਥਾਈ

⊕			੧		੨		⊕			੧		੨	
													ਰੰਸਂ
													ਮਨ
ਨੁਧ	ਪ	ਮਪ	ਗ	ਮ	ਪ	ਧ	ਨ	ਨ	ਧਨ	ਸਂ	—	—	ਨਸ
ਰਾऽ	ऽ	ऽਮ	ਨਾ	ऽ	ਮਾ	ऽ	ਬੇ	ਧੀ	ऽਅ	ਲੇ	ऽ	ऽ,	ਜੈਸੇ
ਰਂ	ਰਂ	-ਸਂ	ਸੰਗ	ਰੰਗਂ	ਸਂ	ਸਂ	ਨ	ਨ	ਧਨ	ਸਂ	—	—	ਰੰਸਂ
ਕਨਿ	ਕ	ऽਕ	ਲਾऽ	ऽऽ	ਚਿ	ਤ	ਮਾਂ	ਡੀ	ऽਅ	ਲੇ	ऽ	ऽ,	ਮਨ

ਅੰਤਰਾ

ਗ			ਧ										
ਮ	ਮ	ਮ	ਨੁ	ਧ	ਨ	ਨ	ਸਂ	ਸਂ	-ਨ	ਸਂ	—	ਸਂ	—
ਆ	ਨੀ	ऽਲੇ	ਕਾ	ऽ	ਗ	ਦ	ਕਾ	ਟੀ	ऽਲੇ	ਗੂ	ऽ	ਡੀ	ऽ
ਨ	ਨ	-ਨ	ਸਂ	—	ਸਂ	—	ਨਸਂ	ਨਸਂ	ਰੰਸਂ	ਨੁ	—	ਧ	—
ਆ	ਕਾ	ऽਸ	ਮ	ऽ	ਧੇ	ऽ	ਭਰ	ਮੀऽ	ऽਅ	ਲੇ	ऽ	ऽ	ऽ
ਪ					ਧ								
ਗ	ਗ	-ਮ	ਪ	—	ਨ	—	ਸਂ	ਸਂ	-ਨ	ਸਂ	—	ਸਂ	—
ਪੰ	ਚ	ऽਜ	ਨਾ	ऽ	ਸਿਉ	ऽ	ਬਾ	ਤ	ऽਬ	ਤਊ	ऽ	ਆ	ऽ
ਸਂ	ਰਂ	-ਸਂ	ਸੰਗਂ	ਰੰਗਂ	ਸਂ	—	ਨ	ਨ	ਧਨ	ਸਂ	—	—	ਰੰਸਂ
ਚੀ	ਤ	ऽਸੁ	ਡੌऽ	ऽऽ	ਰੀ	ऽ	ਰਾ	ਖੀ	ऽਅ	ਲੇ	ऽ	ऽ	ਮਨ...

— ਬਾਕੀ ਤੁਕਾਂ ਅੰਤਰੇ ਤੇ ਲਾਓ ।

੧੦. **ਰਾਗ ਖਮਾਜ, ਸੂਲਫ਼ਾਕ** (ਲਗ-ਭਗ ਦਰੁੱਤ ਲਯ)

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥
ਸਤਗੁਰੁ ਦਇਆ ਕਰੇ ਸੁਖ ਦਾਤਾ ਹਮ ਲਾਵੈ ਆਪਨ ਪਾਲੀ ॥ ੧ ॥
ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥
ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥
ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲੀ ॥੨॥
ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥
ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥੩॥
ਹਰਿ ਹਰਿ ਜਪਨੁ ਜਪਿ ਲੋਚ ਲੋੁਚਾਨੀ ਹਰਿ ਕਿਰਪਾ ਕਰਿ ਬਨਵਾਲੀ ॥
ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ ॥੪॥
(ਧਨਾਸਰੀ ਮ: ੪, ਪੰਨਾ ੬੬੭)

ਅਸਥਾਈ

×		੦		੨		੩		੦	
ਸਂ			ਰਂ						
ਨ	ਨ	ਸਂ	ਸਂ	ਨੁ	—	ਧ	—	ਪ	ਧ
ਗੁ	ਰ	ਸਿ	ਖ	ਮੀ	ऽ	ਤ	ऽ	ऽ	ऽ
ਪ									
ਗ	ਮ	ਪ	ਧ	ਨ	—	ਸਂ	—	—	—
ਚ	ਲਹੁ	ਗੁ	ਰ	ਚਾ	ऽ	ਲੀ	ऽ	ऽ	ऽ
ਪ	—	ਧ	ਸਂ	ਨੁ	ਨੁ	ਧ	—	—	ਪ
ਜੋ	ऽ	ਗੁ	ਰ	ਕ	ਹੈ	ऽ	ऽ	ऽ	ऽ
ਮ	ਮ	ਪ	ਧ	ਮ	—	ਗ	—	ਰਸ	—
ਸੋ	ਈ	ਭ	ਲ	ਮਾ	ऽ	ਨਹੁ	ऽ	ऽऽ	ऽ
ਨੁ									
ਸ	ਸ	ਗ	ਗ	ਗ	ਮ	ਪ	—	—	—
ਹ	ਰਿ	ਹ	ਰਿ	ਕ	ਥਾ	ऽ	ऽ	ऽ	ऽ
ਗ	ਮ	ਪ	ਧ	ਨ	—	ਸਂ	—	—	—
ਕ	ਥਾ	ऽ	ਨਿ	ਰਾ	ऽ	ਲੀ	ऽ	ऽ	ऽ ਹਮ

ਅੰਤਰਾ

ਮ	ਮ	ਪ	ਧ	ਨ	—	ਸਂ	—	—	—
ਅਂ	ਧ	ਲੇ	ऽ	ਅਂ	ऽ	ਧ	ऽ	ऽ	ऽ
← ਸ	ਤ	ਗੁ	ਰ	ਦ	ਇਆ	ऽ	ऽ	ऽ	ऽ
ਨ			ਰਂ						
ਸਂ	ਸਂ	ਸਂ	ਸਂ	ਨੁ	—	ਧ	—	—	—
ਬਿ	ਖੈ	ਬਿ	ਖ	ਰਾ	ऽ	ਤੇ	ऽ	ऽ	ऽ
ਕ	ਰੇ	ਸੁ	ਖ	ਦਾ	ऽ	ਤਾ	ऽ	ऽ	ऽ
ਨ	—	ਨ	—	ਸਂ	ਨ	ਸਂ	—	—	ਪ
ਕਿਉ	ऽ	ਚਾ	ऽ	ਲਹ	ऽ	ऽ	ऽ	ऽ	ऽ
ਹ	ऽ	ਮ	ऽ	ਲਾ	ऽ	ਵੈ	ऽ	ऽ	ऽ
ਪ	ਧ	ਧ	ਸਂ	ਨੁ	—	ਧ	—	ਪ	—
ਗੁ	ऽ	ਰ	ऽ	ਚਾ	ऽ	ਲੀ	ऽ	ऽ	ऽ →
ਆ	ऽ	ਪ	ਨ	ਪਾ	ऽ	ਲੀ	ऽ	ऽ	ऽ

ਨੋਟ—ਸ਼ਬਦ ਦੀਆਂ ਬਾਕੀ ਤੁਕਾਂ-ਦੋ ਦੋ ਕੱਠੀਆਂ ਅੰਤਰੇ ਤੇ ਲਾਉਣੀਆਂ ਹਨ।

(ਸੁਰ ਰਚਨਾ ਕਰਤਾ ਵਲੋਂ)

੧੧. ਰਾਗ ਖਮਾਜ. ਇਕਤਾਲਾ (ਲਗ-ਭਗ ਦਰੁੱਤ ਲਯ)

ਬਹੁ ਪਰਪੰਚ ਕਰਿ ਪਰਧਨ ਲਿਆਵੈ ।
ਸੁਤ ਦਾਰਾ ਪਹਿ ਆਨ ਲੁਟਾਵੈ ॥ ੧ ॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ਰਹਾਉ ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥
ਕਹਤੁ ਕਬੀਰੁ ਕੋਈ ਨਹੀ ਤੇਰਾ ॥
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥ ੩ ॥

(ਸੋਰਠਿ ਭਗਤ ਕਬੀਰ ਜੀ, ਪੰਨਾ ੬੫੬)

ਅਸਥਾਈ

੦		੩		੪		×		੦		੨	
ਪਪ	ਪ	ਧ	ਧਸਂ	ਸਂ	ਨੁ	ਧ	ਧ	ਪ	ਮ	ਮ	ਪ
ਮਨ	ਮੇ	ਰੇ	ਭੂS	ਲੈ	S	ਕ	ਪ	ਟ	ਕ	ਪ	ਟ
ਗ	ਗ	ਮ	ਪ	—	ਧ	ਨ	—	—	ਸਂ	—	—
ਕ	ਪ	S	ਟ	S	ਨ	ਕੀ	S	S	ਜੈ	S	S
ਸਂ	ਰਂ	—	ਰ	--	ਰਂ	ਸਰਂ	ਗੁਂ	ਗੁਂ	ਰ	—	ਸਂ
ਅੰ	S	S	ਤ	S	ਨਿ	ਬੇS	S	ਰਾ	ਤੇ	S	ਰੇ
(ਨ)ਸਂ	ਸਂ	—	ਨ	ਧ	ਨ	ਸਂ	ਨ	ਰਂ	ਸਂ	—	—
ਜੀ	ਅ	S	ਪ	ਹਿ	S	ਲੀ	S	S	ਜੈ	S	S

ਅੰਤਰਾ

(ਗ)ਮ	ਮ	--	ਮਪ	ਧਨੁ	ਧ	ਧਨ	ਸਂ	ਨ	ਸਂ	—	ਸਂ
ਬ	ਹੁ	S	ਪS	SS	ਰ	ਪੰS	S	ਚ	ਕ	S	ਰ
ਨ	ਨ	—	ਸਂ	—	ਰਂ	(ਸਂ)ਨ	ਸਂ	—	ਨੁ	ਧ	—
ਪ	ਰ	S	ਧ	S	ਨ	ਲਿਆ	S	S	ਵੈ	S	S
ਧ	ਰਂ	—	ਰਂ	—	ਸਂ	ਸਰਂ	ਗੁਂ	—	ਰਂ	ਰਂ	ਸਂ
ਸੁ	ਤ	S	ਦਾ	S	S	ਰਾS	S	S	ਪ	ਹਿ	S

ਸੰ	—	—	ਨ	ਧ	ਨ	ਸੰ	ਨ	ਰੰ	ਮੰ	—	—
ਆ	ऽ	ऽ	ਨ	ऽ	ਲੁ	ਟਾ	ऽ	ऽ	ਵੈ	ऽ	ऽ

— ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ ।

ਨੋਟ –"ਮਨ ਰਾਮ ਨਾਮਾ" ਅਤੇ "ਮਨ ਮੇਰੇ ਭੂਲੇ" ਇਨ੍ਹਾਂ ਦੋਹਾਂ ਸ਼ਬਦ ਰੀਤਾਂ ਨੂੰ ਸੁਰਗਵਾਸੀ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਗਾਉਂਦੇ ਹੁੰਦੇ ਸਨ ।

੧੨. ਰਾਗ ਖਮਾਜ, ਚੰਚਲ (ਮੱਧਜ ਲਯ)

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥
